ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥
ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥
www.sribhainisahib.com ਜਿਲਦ-24 ਨੰਬਰ-15
20 ਤੋਂ 26 ਜੇਠ 2073 - 2 to 8 June 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਉਸਨੂ ਬੀ ਕੈਦ ਕਰੋ



ਜੇਹੜਾ ਬਡਾ ਗੋਰਾ ਹੈ, ਸਾਰੇ ਦੇਸਾ ਉਤੇ ਜਿਸਦਾ ਹੁਕਮ ਹੈ, ਓਸਦਾ ਲਿਖਾ ਹੁਕਮ ਏਥੇ ਕੰਧ ਦੇ ਨਾਲ ਲਾਇਆ ਹੈ ਜੋ ਕੋਈ ਆਦਮੀ ਏਸਦੇ ਨਾਲ ਬਾਤ ਕਰੇ ਤਾ ਓਸਨੂ ਕੈਦ ਕਰੋ, ਅਰ ਜੇ ਕੁਛ ਬਾਹਰ ਤੇ ਸਿਟੇ ਅੰਦਰ ਕੇ ਤਾ ਅੰਦਰੋ ਬਾਹਰ ਸਿਟੇ ਤਾ ਉਸਨੂ ਬੀ ਕੈਦ ਕਰੋ।"




# ਪੰਚਮ ਪਾਤਸ਼ਾਹ ਦੀ ਸ਼ਹਾਦਤ - ਇਕ ਅਧਿਐਨ

**ਦੇਵਿੰਦਰ ਸਿੰਘ ਗਿੱਲ ਜੀਆ ਨੱਥਾ**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਗਈ ਨਵੀਂ ਵਿਚਾਰਧਾਰਾ ਸਿੱਖ ਧਰਮ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਆਪਣੇ ਭਰ ਜੋਬਨ ਵਿਚ ਆ ਗਈ ਸੀ ਜਿਸਦੀ ਆਰੰਭਤਾ ਵੇਈ ਪ੍ਰਵੇਸ਼ ਦੀ ਘਟਨਾ ਤੋਂ ਬਾਅਦ ਹੋਈ ਸੀ ਜਦੋਂ ਗੁਰੂ ਜੀ ਨੇ "ਨਾਂਹ ਕੋ ਹਿੰਦੂ ਨਾਂ ਮੁਸਲਮਾਨ" ਕਹਿ ਕੇ ਉਸਦਾ ਆਗਾਜ਼ ਕੀਤਾ ਸੀ। ਇਕ ਨਵੀਂ ਵਿਚਾਰਧਾਰਾ ਸੀ ਜੋ ਹਿੰਦੂ ਅਤੇ ਮੁਸਲਮਾਨ ਦੋਹਾਂ ਨੂੰ ਨਿਕਾਰ ਕੇ ਚੰਗੇ ਕਰਮ ਕਰਨ ਅਤੇ ਨਾਮ-ਸਿਮਰਨ ਤੇ ਜ਼ੋਰ ਦਿੰਦੀ ਸੀ। ਇਕ ਮੁਸਲਿਮ ਰਾਜ ਵਿਚ ਇਸਲਾਮ ਦੇ ਫੋਕੇ ਰੀਤੀ ਰਿਵਾਜ਼ਾਂ ਤੇ ਕਰਮ ਕਾਂਡਾਂ ਦਾ ਤ੍ਰਿਸਕਾਰ ਕਰਕੇ ਸੱਚੇ ਪਰਵਰਦਗਾਰ ਦਾ ਸਿਮਰਨ ਕਰਨ ਦੀ ਸਿਖਿਆ ਦੇਣਾ,

(ਬਾਕੀ ਸਫਾ 2 'ਤੇ)

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਥਾਪੇ ਪਹਿਲੇ ਸੂਬੇ



ਆਜ਼ਾਦੀ ਪ੍ਰਾਪਤੀ ਲਈ ਆਰੰਭੇ ਸੰਘਰਸ਼ ਵਿਚ ਪ੍ਰਾਣਾਂ ਦੀ ਆਹੂਤੀ ਦੇਣ ਵਾਲਾ

## ਸੂਬਾ ਸਾਹਿਬ ਸਿੰਘ

ਹਿੰਦੋਸਤਾਨ ਦੀ ਆਜ਼ਾਦੀ ਪ੍ਰਾਪਤੀ ਲਈ ਸੰਘਰਸ਼ ਆਰੰਭਣ ਤੋਂ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਪੰਥ ਵਿਚ ਆ ਚੁੱਕੀ ਇਨਸਾਨੀਅਤ ਗਿਰਾਵਟ ਨੂੰ ਚੰਗੀ ਤਰ੍ਹਾਂ ਪੜਚੋਲਿਆ। 12 ਅਪ੍ਰੈਲ 1857 ਨੂੰ ਖਾਲਸੇ ਪੰਥ ਦੀ ਸਿਰਜਣਾ ਉਸ ਦਾ ਖਾਤਮਾ ਹੀ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਰਤਾਨਵੀ ਹਕੂਮਤ ਦੇ ਖਿਲਾਫ ਦੇਸ਼, ਧਰਮ ਅਤੇ ਗਊ ਗਰੀਬ ਦੀ ਖਾਤਰ ਆਪਾ ਨਿਛਾਵਰ ਕਰਨ ਵਾਲੇ ਉਹ ਮਰਜੀਵੜੇ ਪੈਦਾ ਕਰ ਦਿੱਤੇ ਜਿਨਾਂ ਬਾਰੇ ਵਿਦਵਾਨ ਦਾ ਕਥਨ ਹੈ,

**ਜਿਸਦੀ ਇਕ ਕੂਕ ਨਾਲ ਕੂਕਿਆ ਪੰਜਾਬ ਸਾਰਾ।**
**ਬਿਲਿਆ ਹੋ ਜਾਵੇਂ ਕਿਹਾ ਸਾਗਰਾਂ ਤੋਂ ਪਾਰ ਆ।**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਆਰੰਭ ਇਸ ਕੂਕਾ ਅੰਦੋਲਨ ਵਿਚ ਅਹਿਮ ਭੂਮਿਕਾ ਨਿਭਾਉਣ ਵਾਲਾ ਜਿਸ ਨੂੰ ਅੰਗਰੇਜ਼ ਹਕੂਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਉਤਰਾਧਿਕਾਰੀ ਮੰਨਦੀ ਸੀ। ਉਹ ਸੀ ਉਸ ਵੇਲੇ ਅੰਮ੍ਰਿਤਸਰ ਜ਼ਿਲ੍ਹੇ ਦੀ ਤਰਨਤਾਰਨ ਤਹਿਸੀਲ ਦੇ ਪਿੰਡ ਬੰਗਾਲੀਪੁਰ ਦੇ ਵਸਨੀਕ ਸ. ਦਿਆਲ ਸਿੰਘ ਦਾ ਪੁੱਤਰ ਸਾਹਿਬ ਸਿੰਘ ਜਿਸ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਸੂਬਾ ਪਦਵੀ ਨਾਲ ਨਿਵਾਜਣ ਤੋਂ ਬਾਅਦ ਨਾਮਧਾਰੀ ਪੰਥ ਅੰਦਰ ਸੂਬਾ ਸਾਹਿਬ ਸਿੰਘ ਦੇ ਨਾਮ ਨਾਲ ਸਤਿਕਾਰਿਆ ਜਾਣ ਲੱਗਾ।

(ਬਾਕੀ ਸਫਾ 6 'ਤੇ)

# ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਦਾ ਸ਼ਾਨਦਾਰ ਨਤੀਜਾ

### 93.6% ਵਾਲਾ ਵਿਦਿਆਰਥੀ ਸਕੂਲ ਵਿਚੋਂ ਫਸਟ, 12ਵੀਂ ਜਮਾਤ ਵਿਚ 100 ਫੀਸਦੀ ਵਿਦਿਆਰਥੀ ਪਾਸ

**ਨਵੀ ਦਿੱਲੀ 20 ਮਈ** C.B.S.E ਵਲੋਂ ਅਲਾਨੇ ਗਏ 12ਵੀਂ ਦੇ ਨਤੀਜੇ ਵਿਚ ਇਸ ਸਾਲ ਵੀ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਮਾਨਸਰੋਵਰ ਗਾਰਡਨ ਦਾ ਨਤੀਜਾ ਸ੍ਰੀ ਸਤਿਗੁਰੂ ਜੀ ਦੀ ਬਖਸ਼ਸ਼ ਨਾਲ ਬਹੁਤ ਹੀ ਸ਼ਾਨਦਾਰ ਰਿਹਾ। ਵਿਦਿਆਰਥੀਆਂ ਰਾਹੀ ਪ੍ਰਾਪਤ ਨੰਬਰਾ ਨਾਲ ਸਕੂਲ ਅਤੇ ਉਹਨਾਂ ਦੇ ਮਾਤਾ ਪਿਤਾ ਦਾ ਨਾਂ ਰੋਸ਼ਨ ਹੋਇਆ। ਸਕੂਲ ਵਿਚ ਚਲਦੀਆਂ ਵੱਖ-ਵੱਖ ਸਟਰੀਮਾ- ਸਾਈਂਸ, ਕਾਮਰਸ ਅਤੇ ਆਰਟਸ ਵਿਚ ਵਿਦਿਆਰਥੀਆ ਨੇ ਬਹੁਤ ਹੀ ਚੰਗੇ ਅੰਕ ਪ੍ਰਾਪਤ ਕੀਤੇ। 93.6% ਨੰਬਰ ਪ੍ਰਾਪਤ ਕਰਨ ਵਾਲੀ ਭਾਰਤੀ ਗੋਇਲ, 90.6% ਨੰਬਰ ਪ੍ਰਾਪਤ ਕਰਨ ਵਾਲੀ ਸੁਖਵਿੰਦਰ ਕੌਰ, 89.6% ਨੰਬਰ ਪ੍ਰਾਪਤ ਕਰਨ ਵਾਲੀ ਅੰਸੂ ਮੈਂਦੀਰੱਤਾ, ਕਰਮਵਾਰ ਪਹਿਲੇ ਦੂਜੇ ਅਤੇ ਤੀਸਰੇ ਸਥਾਨ ਤੇ ਆਏ।

ਵੱਖ-ਵੱਖ ਵਿਸ਼ਿਆਂ ਵਿਚ 95% ਤੋਂ ਉਪਰ ਨੰਬਰ ਲੈਣ ਵਾਲੇ ਵਿਦਿਆਰਥੀਆਂ ਦਾ ਵੇਰਵਾ ਇਸ ਪ੍ਰਕਾਰ ਹੈ। ਅੰਗਰੇਜ਼ੀ 17, ਆਰਟਸ 8, ਮਯੂਜ਼ੀਕ 7, ਬਿਜ਼ਨਸ ਸਟਡੀਸ 7, ਅਕਾਉਂਟੈਨਸੀ 7, ਇਕਨੌਮਿਕਸ 4, ਪੰਜਾਬੀ 2, ਪੋਲੀਟਿਕਲ ਸਾਈਂਸ 2, ਕੈਮੀਸਟਰੀ 1, ਫਿਜ਼ਿਕਸ 1, ਬਾਇਐਲੋਜੀ 1 ਅਤੇ ਆਈ. ਪੀ. 1. ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਸਕੂਲ ਵਿਚ ਹਵਨ ਕੀਤਾ ਗਿਆ ਅਤੇ ਸਤਿਗੁਰੂ ਉਦੈ ਸਿੰਘ ਜੀ ਦੇ ਚਰਨਾਂ ਵਿਚ ਵਿਦਿਆਰਥੀਆਂ ਦੀ ਸਫਲਤਾ ਲਈ ਬੁਧ ਬਲ ਬਖਸ਼ਣ ਦੀ ਅਰਦਾਸ ਕੀਤੀ ਗਈ। ਪ੍ਰੀਖਿਆ ਹਾਲ ਵਿਚ ਵੀ ਵਿਦਿਆਰਥੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰ ਕੇ ਜਾਂਦੇ ਰਹੇ ਵਿਦਿਆਰਥੀਆਂ ਦੇ ਚੰਗੇ ਅੰਕ ਆਉਣ ਕਰਕੇ ਸਕੂਲ ਵਲੋਂ ਸ੍ਰੀ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕੀਤਾ ਗਿਆ।

See Page 5 for Detail Result

ਸਤਿਜੁਗ
ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

# ਪਰਭਾਤੇ ਪ੍ਰਭ ਨਾਮੁ ਜਪਿ

ਸਤਿਗੁਰੂ ਜੀ ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਨ ਦਾ ਉਪਦੇਸ਼ ਦਿੰਦੇ ਹਨ। ਉਪਦੇਸ਼ ਦੇਣ ਨਾਲ ਉਦਮ ਵੀ ਦੇਂਦੇ ਹਨ। ਸਿਖਾਂ ਵਲੋਂ ਜਦ ਉਹਨਾਂ ਦੇ ਘਰ ਚਰਨ ਪਾਉਣ ਦੀ ਅਰਜ਼ ਕੀਤੀ ਜਾਂਦੀ ਹੈ ਤਾਂ ਬਹੁਤ ਹਾਲਤਾਂ ਵਿਚ ਸਤਿਗੁਰੂ ਜੀ ਅੰਮ੍ਰਿਤ ਵੇਲੇ ਚਰਨ ਪਾਉਣ ਦੀ ਕਿਰਪਾ ਕਰਦੇ ਹਨ ਸਹਿਜੇ ਹੀ ਜਿਸ ਨੇ ਚਰਨ ਪੁਆਉਣੇ ਹਨ ਉਹ ਤੇ ਉਹਨਾਂ ਘਰ ਸਤਿਗੁਰੂ ਜੀ ਦੇ ਚਰਨ ਪਰਸਨ ਲਈ ਆਉਣ ਵਾਲੇ ਸ਼ਰਧਾਲੂ ਉਦਮ ਕਰਨਗੇ, ਆਪ ਜੀ ਦੇ ਆਉਣ ਤੋਂ ਪਹਿਲਾਂ ਜਾਗਣਗੇ, ਇਸ਼ਨਾਨ ਪਾਣੀ ਕਰਨਗੇ ਤੇ ਰਸਨਾ ਤੋਂ ਨਾਮ ਸਿਮਰਨ ਕਰਦੇ ਹੋਏ ਆਪ ਜੀ ਦੇ ਆਉਣ ਵਾਲੇ ਰਾਹ ਉਤੇ ਅੱਖਾਂ ਵਿਛਾਈ ਖੜ੍ਹੇ ਰਹਿਣਗੇ। ਗੁਰਪੁਰਬਾਂ ਤੋਂ ਪਹਿਲਾਂ ਅੰਮ੍ਰਿਤ ਵੇਲੇ ਹੀ ਪ੍ਰਭਾਤ ਫੇਰੀ ਦੀ ਰੀਤ ਵੀ ਚੱਲ ਪਈ। ਇਹ ਵੀ ਉਦਮ ਹੈ, ਸਮੇਂ ਸਿਰ ਜਾਗ ਕੇ ਤਿਆਰ ਹੋਣ ਦਾ।

ਅੰਮ੍ਰਿਤ ਵੇਲੇ ਹੀ ਆਸਾ ਦੀ ਵਾਰ ਦੇ ਕੀਰਤਨ ਦਾ ਹੈ। ਇਕਾਗਰ ਚਿਤ ਹੋ ਕੇ ਬਾਣੀ ਦਾ ਕੀਰਤਨ ਸੁਣ ਕੇ, ਮਨੁੱਖ ਦੀ ਭਾਵਨਾ ਕਰਤੇ ਦੀ ਕੁਦਰਤ ਨੂੰ ਪਿਆਰ ਕਰਨ, ਗੁਰੂ ਦੀ ਸ਼ਰਨ ਆਉਣ ਅਤੇ ਨਾਮ ਸਿਮਰਨ ਦੀ ਬਣਦੀ ਹੈ। ਕਈ ਥਾਈਂ ਆਸਾ ਦੀ ਵਾਰ ਦਾ ਕੀਰਤਨ ਆਪਣੇ ਸੁਖ ਸਹੂਲਤ ਅਨੁਸਾਰ ਦਿਨ ਚੜ੍ਹੇ ਬਾਅਦ ਸ਼ੁਰੂ ਹੁੰਦਾ ਹੈ।। ੨-੩ ਘੰਟੇ ਦੇ ਕੀਰਤਨ ਪਿਛੋਂ ਸਹਿਜੇ ਹੀ ਦੁਪਹਿਰ ਨੇੜੇ ਆ ਜਾਂਦੀ ਹੈ। ਉਸ ਵੇਲੇ ਤਕ ਮਨੁੱਖੀ ਬਿਰਤੀ ਖਿੰਡਣ ਲਗਦੀ ਹੈ। ਪਰ ਨਿੱਤ ਕਰਮ ਸਮਝ ਕੇ ਕੀਰਤਨ ਹੁੰਦਾ ਹੈ। ਪਰ ਸਤਿਗੁਰੂ ਜੀ ਨੇ ਤਾਂ ਕੀਰਤਨ ਦਾ ਸਮਾਂ ਅੰਮ੍ਰਿਤ ਵੇਲੇ ਦਾ ਰਖਿਆ ਹੈ। ਕਈ ਥਾਈਂ ਵਾਰ ਤਾਂ ਸਰਦੀ ਦੇ ਦਿਨਾਂ ਵਿਚ ਜਦੋਂ ਲੋਕੀਂ ਰਜਾਈਂ ਦਾ ਨਿਘ ਮਾਣ ਰਹੇ ਹੁੰਦੇ ਹਨ, ੫-੬ ਵਜੇ ਆਸਾ ਦੀ ਵਾਰ ਦਾ ਭੋਗ ਪੈ ਜਾਂਦਾ ਹੈ। ਕੀਰਤਨ ਅੰਮ੍ਰਿਤ ਵੇਲੇ ੨-੩ ਵਜੇ ਆਰੰਭ ਕੀਤਾ ਗਿਆ ਹੁੰਦਾ ਹੈ। ਰਾਗੀ ਜਥਾ ਕੀਰਤਨ ਕਰਦਾ ਹੈ ਤੇ ਗੁਰੂ ਪਿਆਰੀ ਸੰਗਤ ਕੰਨਾਂ ਨਾਲ ਕੀਰਤਨ ਸੁਣਦੀ ਹੈ, ਹੱਥਾਂ ਨਾਲ ਮਾਲਾ ਫੇਰਦੀ ਹੈ, ਰਸਨਾ ਨਾਲ ਨਾਮ ਸਿਮਰਨ ਕਰਦੀ ਹੈ ਤੇ ਨੇਤਰਾਂ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਦੀ ਹੈ। ਇਸ ਸਮੇਂ ਪਸ਼ੂਆਂ ਗਲ ਟੱਲੀਆਂ ਦੀ, ਪੰਛੀਆਂ ਦੀ ਚਹਿਚਹਾਉਟ ਦੀ, ਟਰੈਕਟਰਾਂ, ਕਾਰਾਂ, ਸਕੂਟਰਾਂ ਤੇ ਹੋਰ ਆਵਾਜਾਈ ਦੇ ਸਾਧਨਾਂ ਦੀ, ਲਾਊਡ ਸਪੀਕਰਾਂ ਦੀ ਤੇ ਰੌਲੇ ਰੱਪੇ ਦੀ ਆਵਾਜ਼ ਉਹਨਾਂ ਦੀ ਬਿਰਤੀ ਨੂੰ ਉਚਾਟ ਨਹੀਂ ਕਰਦੀ ਕਿਉਂਕਿ ਇਹ ਕਾਰਜ਼ਸ਼ੀਲ ਹੀ ਨਹੀਂ ਹੁੰਦੇ।

ਅੰਮ੍ਰਿਤ ਵੇਲੇ ਨੂੰ ਸ਼ਾਸ਼ਤਰਾਂ ਵਿਚ ਬ੍ਰਹਮ ਮਹੂਰਤ ਕਿਹਾ ਗਿਆ ਹੈ। ਗੁਰਬਾਣੀ ਵਿਚ ਇਸ ਲਈ, ਅੰਮ੍ਰਿਤ ਵੇਲਾ, ਪਿੱਛਲ ਰਾਤ, ਝਾਲਾਘੇ, ਪ੍ਰਭਾਤ ਆਦਿ ਸ਼ਬਦ ਵਰਤੇ ਗਏ ਹਨ। ਇਹ ਸਮਾਂ ਅੱਧੀ ਰਾਤ ਤੋਂ ਬਾਅਦ ਦਾ ਹੁੰਦਾ ਹੈ। ਆਮ ਤੌਰ ਤੇ ਸਵਾ ਪਹਿਰ ਦਾ ਤੜਕਾ, ਭਾਵ ਸੂਰਜ ਦੀ ਰੌਸ਼ਨੀ ਤੋਂ ੪ ਕੁ ਘੰਟੇ ਪਹਿਲਾਂ ਇਹ ਸਮਾਂ ਸ਼ੁਰੂ ਹੁੰਦਾ ਹੈ। ਇਸ ਸਮੇਂ ਉਠ ਕੇ ਕਿਸੇ ਵੀ ਕੰਮ ਨੂੰ ਕਰਨ ਲਗੀਏ, ਜੀਅ ਕਰਦਾ ਹੈ, ਕੰਮ ਵੱਧ ਮੁਕਦਾ ਹੈ, ਪ੍ਰਭੂ ਦੇ ਪਿਆਰਿਆਂ ਲਈ ਸਰਬੋਤਮ ਕੰਮ ਅਕਾਲ ਪੁਰਖ ਦੀ ਭਗਤੀ ਵਿਚ ਲੀਨ ਹੋਣ ਦਾ ਹੈ। ਪੁਰਾਣੇ ਸਮੇਂ ਵਿਚ ਭਾਰਤੀ ਭਗਤੀ ਪਰੰਪਰਾ ਅਨੁਸਾਰ ਸਾਧਕ ਅੰਮ੍ਰਿਤ ਵੇਲੇ ਜਾਗ ਕੇ, ਇਸ਼ਨਾਨ ਪਾਣੀ ਕਰਕੇ, ਤਪ ਸਾਧਨਾ ਵਿਚ ਲੀਨ ਹੋ ਜਾਂਦੇ ਰਹੇ ਹਨ। ਕੁਦਰਤ ਦੀ ਗੋਦ ਵਿਚ ਦਰਿਆ ਕਿਨਾਰੇ, ਮਨ ਬਿਰਤੀ ਇਕਾਗਰ ਕਰਕੇ ਜਪ ਕਰਨ ਬੈਠੇ ਰਿਸ਼ੀ ਮੁਨੀ ਕਈ ਵਾਰ ਤਾਂ ਆਪਣੇ ਅੰਦਰ ਅਕਾਲ ਪੁਰਖ ਦੇ ਪ੍ਰਗਟ ਹੋਣ ਦਾ ਅਹਿਸਾਸ ਕਰਦੇ ਰਹੇ ਹਨ। ਹਾਂ ਕੁਝ ਭਗਤ ਲੋਕਾਂ ਸਾਹਮਣੇ ਤਪ ਦਾ ਵਖਾਲਾ ਕਰਦੇ ਹਨ।

ਸਧਾਰਨ ਵਿਹਾਰੀ ਮਨੁੱਖ ਆਪਣੇ ਤੇ ਆਪਣੇ ਬਾਲ-ਬੱਚੇ ਲਈ, ਰੋਜ਼ੀ-ਰੋਟੀ ਲਈ, ਓਹੜ-ਪੋਹੜ ਕਰਨ ਲਈ ਸਵੇਰੇ ਘਰੋਂ ਨਿਕਲਦਾ ਹੈ, ਮਿਹਨਤ ਮੁਸ਼ਕਤ ਕਰਕੇ ਥਕਿਆ ਹਾਰਿਆ ਉਹ ਰਾਤੀਂ ਘਰ ਮੁੜਦਾ ਹੈ। ਥਕਾਵਟ ਨੂੰ ਨੀਂਦ ਦੂਰ ਕਰ ਸਕਦੀ ਹੈ। ਰਾਤ ਨੂੰ ਸੌਂ ਕੇ ਸਵਾ ਪਹਿਰ ਦੇ ਤੜਕੇ ਤੱਕ ਉਹ ਤਰੋ ਤਾਜ਼ਾ ਹੋ ਸਕਦਾ ਹੈ ਤੇ ਅੰਮ੍ਰਿਤ ਵੇਲੇ ਦਾ ਸਮਾਂ ਭਗਤੀ ਨੂੰ ਦੇ ਸਕਦਾ ਹੈ। ਇਸ ਸਮੇਂ ਉਸਨੂੰ ਨਾ ਕੋਈ ਥਕੇਵਾਂ ਹੁੰਦਾ ਹੈ, ਨਾ ਅੱਖਾਂ ਵਿਚ ਨੀਂਦ, ਨਾ ਚਿੰਤਾ ਤੇ ਨਾ ਹੀ ਕੋਈ ਮੁਸ਼ੱਕਤ ਅਤੇ ਉਸਦੀ ਬਿਰਤੀ ਖਿਡਾਉਣ ਵਾਲੇ ਸਾਧਨ ਵੀ ਦੂਰ ਹੁੰਦੇ ਹਨ। ਹਾਂ! ਮਾਲਕ ਨੇੜੇ ਹੁੰਦਾ ਹੈ।

ਚੌਕੜਾ ਮਾਰ ਕੇ ਭਜਨ ਲਈ ਬਹਿਣ ਦਾ ਕਾਰਜ ਖਾਣ ਪੀਣ ਤੋਂ ਪਹਿਲਾਂ ਹੁੰਦਾ ਹੈ। ਸਰੀਰ ਦੀ ਜਿਹੜੀ ਊਰਜਾ ਖਾਧਾ-ਪੀਤਾ ਹਜ਼ਮ ਕਰਨ ਲਈ ਲਗਣੀ ਹੁੰਦੀ ਹੈ, ਬਚੀ ਹੁੰਦੀ ਹੈ। ਰਾਤ ਦਾ ਖਾਧਾ-ਪੀਤਾ ਹਜ਼ਮ ਹੋ ਚੁੱਕਿਆ ਹੁੰਦਾ ਹੈ, ਪੇਟ ਖਾਲੀ ਹੁੰਦਾ ਹੈ, ਸੋ ਅੰਮ੍ਰਿਤ ਵੇਲੇ ਬੈਠਣ ਵਿਚ ਔਖ ਨਹੀਂ ਹੁੰਦੀ।

ਸੰਸਾਰਕ ਸੁਖ ਦੇ ਸਾਧਨ ਤੇ ਉਹਨਾਂ ਨੂੰ ਪ੍ਰਾਪਤ ਕਰਨ ਦੀ ਤੀਬਰ ਇੱਛਾ ਤੇ ਲੋਭ ਲਾਲਚ ਮਨੁੱਖ ਨੂੰ ਬ੍ਰਹਮ ਮਹੂਰਤ ਦੇ ਸੁਖ ਤੋਂ ਵੰਚਿਤ ਕਰ ਰਹੇ ਹਨ। ਕਿਉਂਕਿ ਇਕ ਤਾਂ ਰੁਪੱਈਆ-ਪੈਸਾ ਕਮਾਉਣ ਲਈ ਮਨੁੱਖ ਦਿਨੇ ਕੰਮ ਕਰਨ ਦੇ ਨਾਲ ਨਾਲ ਰਾਤ ਵੀ ਮਸ਼ੀਨ ਨਾਲ ਮਸ਼ੀਨ ਹੁੰਦਾ ਨਜ਼ਰ ਆ ਰਿਹਾ ਹੈ। ਦੂਜਾ ਉਹ ਆਪਣੇ ਮਨ ਪਰਚਾਵੇ ਲਈ ਰੇਡੀਓ, ਟੈਲੀਵਿਜ਼ਨਾਂ, ਕਲੱਬਾਂ, ਸਿਨੇਮਾ ਘਰਾਂ, ਹੋਟਲਾਂ ਨਾਲ ਜੁੜ ਕੇ ਸਮਾਂ ਬਿਤਾਉਣ ਲੱਗ ਪਿਆ ਹੈ। ਹਾਂ! ਰੇਡੀਓ ਬੀਤੇ ਦੀ ਗੱਲ ਨਜ਼ਰ ਆਉਣ ਲੱਗ ਪਈ ਹੈ। ਟੇਪ ਰਿਕਾਰਡ ਵੀ ਰਾਹ ਜਾਂਦਿਆਂ ਕਾਰਾਂ ਵਿਚ ਹੀ ਸੁਣੀਂਦੇ ਹਨ। ਟੈਲੀਵਿਜ਼ਨ ਦਾ ਵਿਸਥਾਰ ਵੀ. ਸੀ. ਆਰ., ਕੇਬਲ ਟੀ. ਵੀ., ਸਟਾਰ ਟੀ. ਵੀ., ਐਮ. ਟੀ. ਵੀ., ਅਤੇ ਜੀ. ਟੀ. ਵੀ. ਤੋਂ ਅੱਗੇ ਵੱਧ ਰਿਹਾ ਹੈ। ਪ੍ਰੋਗਰਾਮ ਵੀ ਐਸੇ ਦਿੱਤੇ ਜਾਂਦੇ ਹਨ ਕਿ ਅੱਖਾਂ ਨੂੰ ਲੁਭਾਵਣੇ ਲਗਦੇ ਹਨ, ਦਿਲ ਵਿਚ ਹਲਚਲ ਪੈਦਾ ਕਰਦੇ ਹਨ, ਬਿਰਤੀ ਨੂੰ ਭੌਤਿਕਵਾਦੀ ਵਸਤਾਂ ਨਾਲ ਜੋੜਦੇ ਹਨ ਤੇ ਕਾਮੁਕਤਾ ਪੈਦਾ ਕਰਦੇ ਹਨ। ਫਿਰ ਸਮੇਂ ਦਾ ਕੋਈ ਹੱਦ ਬੰਨ੍ਹਾ ਨਹੀਂ, ਜਦੋਂ ਮਰਜ਼ੀ ਜੋ ਮਰਜ਼ੀ ਵੇਖੋ। ਅੱਖਾਂ ਖਰਾਬ ਕਰੋ, ਮਨ ਮੈਲਾ ਕਰੋ ਤੇ ਸਮਾਂ ਬਰਬਾਦ ਕਰੋ। ਇਹ ਪ੍ਰੋਗਰਾਮ ਦੇਰ ਰਾਤ ਤਕ ਵੇਖੇ ਜਾਂਦੇ ਹਨ। ਵੇਖਣ ਵਾਲੇ ਬਹੁਤ ਦਰਸ਼ਕ, ਮਨੁੱਖ ਦਾ ਭਵਿਖ ਨੌਜਵਾਨ ਬੱਚੇ ਹੁੰਦੇ ਹਨ ਜਾਂ ਫਿਰ ਉਸ ਭਵਿਖ ਨੂੰ ਬਣਾਉਣ ਵਿਗਾੜਨ ਵਾਲੀਆਂ ਔਰਤਾਂ ਹੁੰਦੀਆਂ ਹਨ, ਮਨੁੱਖ ਕਲੱਬਾਂ ਵਿਚ ਐਸ਼ ਕਰਕੇ ਘਰ ਆ ਮੂਧੜੇ ਮੂੰਹ ਪੈ ਜਾਂਦੇ ਹਨ। ਇਹਨਾਂ ਨਾਈਟ ਕਲੱਬਾਂ ਨੇ ਵੀ ਸਾਡੀਆਂ ਮਾਰਨਿੰਗ ਕਲੱਬਾਂ ਖੋਹ ਲਈਆਂ ਹਨ। ਦੇਰ ਰਾਤ ਤਕ ਜਾਗਣ ਵਾਲੇ ਪਿੱਛਲ ਰਾਤ ਉਠ ਕਿਵੇਂ ਸਕਦੇ ਹਨ।

ਸੇਖ ਫਰੀਦ ਜੀ ਪਿਛਲ ਰਾਤ ਨਾ ਜਾਗਣ ਵਾਲਿਆਂ ਨੂੰ ਜਿਊਂਦੇ ਮੋਏ ਮੰਨਦੇ ਹਨ :

***ਫਰੀਦਾ ਪਿਛਲ ਰਾਤਿ ਨ ਜਾਗਿਓਹਿ***
***ਜੀਵਦੜੋ ਮੁਇਓਹਿ।।***
***ਜੇ ਤੈ ਰਬੁ ਵਿਸਾਰਿਆ***
***ਤ ਰਬਿ ਨ ਵਿਸਰਿਓਹਿ।।***

ਰੱਬ ਨੂੰ ਚੇਤੇ ਰੱਖਣ, ਉਸ ਦਾ ਸਿਮਰਨ ਕਰਨ ਲਈ ਪਿੱਛਲ ਰਾਤ ਦਾ ਹੀ ਨਹੀਂ, ਸ਼ੰਮਸ ਤਬਰੇਜ ਅਨੁਸਾਰ ਸਾਰੀ ਰਾਤ ਦਾ ਸਮਾਂ ਹੈ - ਰਾਤ ਪਿਆਰੇ ਦੇ ਪ੍ਰਗਟ ਹੋਣ ਦਾ ਸਮਾਂ ਹੈ। ਇਹ ਸਮਾਂ ਸੌਂ ਕੇ ਬਿਤਾ ਦੇਣਾ ਆਪਣੇ ਆਪ ਨਾਲ ਜ਼ੁਲਮ ਕਰਨਾ ਹੈ। ਦਿਨ ਕੰਮਾਂ ਤੇ ਵਿਹਾਰਾਂ ਲਈ ਤੇ ਰਾਤ (ਹਕੀਕੀ) ਇਸ਼ਕ ਤੇ ਭਗਤੀ ਦੀ ਕਮਾਈ ਲਈ ਹੁੰਦੀ ਹੈ ਤਾਂ ਜੋ ਸਾਰੀ ਰਾਤ ਰੱਬ ਨਾਲ ਗੱਲਾਂ ਕਰਦੇ ਗੁਜ਼ਰੇ। ਰਾਤੀਂ ਜਦੋਂ ਦੁਨੀਆਂ ਸੌਂਦੀ ਹੈ ਤਾਂ ਭਗਤ ਜਨ ਜਾਗਦੇ ਹਨ। ਭਗਵਤ ਗੀਤਾ ਵਿਚ ਭਗਵਾਨ ਕ੍ਰਿਸ਼ਨ ਦਾ ਕਥਨ ਹੈ :

*ਯਾ ਨਿਸ਼ਾ ਸਰਵ ਭੂਤਨਾਂ,*
*ਤਸਯਾਂ ਜਾਗਰਤਿ ਸੰਯਮੀ।*
*ਯਸਯਾਂ ਜਾਗ੍ਰਤਿ ਭੂਤਾਨਿ,*
*ਸਾ ਨਿਸ਼ਾ ਪਸ਼ਯਤੋ ਮੁਨੇਹ।*

ਜਾਨ ਐਸ ਹੈਲੈਂਡ, ਦੀ ਲਾਈਟ ਆਫ਼ ਕ੍ਰਾਈਸਟ ਵਿਚ ਲਿਖਦੇ ਹਨ :

ਪਹੁ ਫੁੱਟਣ ਤੋਂ ਪਹਿਲਾਂ ਹਿੰਦ ਵਿਚ ਰਾਤ ਦਾ ਇਕ ਖਾਸ਼ ਘੰਟਾ ਹੁੰਦਾ ਹੈ ਜਦੋਂ ਆਕਾਸ਼ ਵਿਚ ਤਾਰੇ ਸਾਫ਼ ਆਪ ਪ੍ਰਕਾਸ਼ ਵਿਚ ਡੁਲੱਕਦੇ ਹਨ। ਰੁੱਖ ਚੁੱਪ ਚਾਪ ਸਾਡੇ ਕੋਲ ਦੋਸਤਾਂ ਵਾਂਗ ਖੜ੍ਹੇ ਲਗਦੇ ਹਨ, ਅਜੇ ਪੰਛੀਆਂ ਦੇ ਜਾਗਣ ਦੀ ਆਵਾਜ਼ ਨਹੀਂ ਹੁੰਦੀ। ਸਾਰਾ ਸੰਸਾਰ ਬੜਾ ਜ਼ਿੰਦਾ ਤੇ ਖਾਮੋਸ਼ ਚਾਹ ਭਰੀ ਜਾਪਦਾ ਹੈ। ਐਸ ਵੇਲੇ ਰੂਹ ਦੀ ਸਦਾ ਖੂਬਸੂਰਤੀ ਤੇ ਸੱਚ ਦੇ ਜਾਨਣ ਵਿਚ ਕੋਈ ਰੁਕਾਵਟ ਨਹੀਂ ਹੁੰਦੀ।

ਭਾਈ ਨੰਦ ਲਾਲ ਦਾ ਕਥਨ ਹੈ :

*ਗੁਰ ਸਿੱਖਾਂ ਦਾ ਇਹੀ ਜੀਵਨ,*
*ਜਾਗਣ ਪਿਛਲੇ ਪਹਿਰੇ।*
*ਗੋਇਆ ਅਗੋਂ ਛੱਡੀ ਨੀਂਦਰ,*
*ਏਹਾ ਲਈਏ ਲਹਿਰੇ।*

ਜਾਗ ਕੇ ਕਰਨ ਵਾਲੇ ਕੰਮ ਬਾਰੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਦਰਜ਼ ਹੈ :

***ਪਰਭਾਤੇ ਪ੍ਰਭ ਨਾਮਿ ਜਪਿ***
***ਗੁਰ ਕੇ ਚਰਣ ਧਿਆਇ।***
***ਜਨਮ ਮਰਣ ਮਲੁ ਉਤਰੈ***
***ਸਚੈ ਕੇ ਗੁਣ ਗਾਇ।***

ਅੰਮ੍ਰਿਤ ਵੇਲੇ ਵਤਰ ਲੱਗੇ ਸਮੇਂ ਨਾਮ ਬੀਜਣ ਨਾਲ ਪ੍ਰਾਪਤ ਧਨ ਬਾਰੇ ਗੁਰੂ ਰਾਮਦਾਸ ਜੀ ਦੀ ਬਾਣੀ ਯਾਦ ਰਹਿਣੀ ਚਾਹੀਦੀ ਹੈ :

***ਹਰਿ ਧਨੁ ਰਤਨੁ ਜਵੇਹਰੁ ਮਾਣਕੁ***
***ਹਰ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ***
***ਹਰਿ ਭਗਤੀ ਹਰਿ ਲਿਵ ਲਾਈ।।***
***ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ***
***ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ।।***
***ਕਲਤਿ ਪਲਤਿ ਹਰਿ ਧਨੈ ਕੀ***
***ਭਗਤਾ ਕਉ ਮਿਲੀ ਵਡਿਆਈ।।***

ਸਤਿਗੁਰੂ ਜੀ ਨੇ ਗੁਰਸਿੱਖਾਂ ਨੂੰ ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਨ ਕਰਨ ਦਾ ਅਭਿਆਸ ਕਰਵਾਉਣ ਲਈ ਅੱਸੂ ਦਾ ਮਹੀਨਾ ਜਪ ਪ੍ਰਯੋਗ ਰੱਖਿਆ ਹੁੰਦਾ ਹੈ। ਇਸ ਵਿਚ ਹਿੱਸਾ ਲੈ ਕੇ ਅਸੀਂ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਾਂ ਅਤੇ ਆਪਣਾ ਹਲਤ ਪਤਲ ਸਵਾਰ ਸੱਕਣ ਲਈ ਹਰਿ ਧਨ ਇਕਠਾ ਕਰ ਸਕਦੇ ਹਾਂ।

**-ਤਾਰਾ ਸਿੰਘ ਅਨਜਾਣ**

# ਪੰਚਮ ਪਾਤਸ਼ਾਹ ਦੀ ਸ਼ਹਾਦਤ...(ਬਾਕੀ ਸਫਾ 1 ਦੀ)

ਉਸ ਸਮੇਂ ਦੇ ਕਟੜ ਕਾਜੀਆਂ ਤੇ ਮੌਲਾਣਿਆਂ ਨੂੰ ਪ੍ਰਵਾਨ ਨਹੀਂ ਸੀ। ਉਹ ਇਸ ਨਵੀਂ ਵਿਚਾਰਧਾਰਾ ਨੂੰ ਕੁਚਲਣਾ ਚਾਹੁੰਦੇ ਸਨ ਅਤੇ ਉਹ ਮੌਕੇ ਦੀ ਤਲਾਸ਼ ਵਿਚ ਸਨ ਕਿ ਕਦੋਂ ਪੰਚਮ ਪਾਤਸ਼ਾਹ ਤੇ ਸ਼ਿਕੰਜੇ ਕਸਕੇ ਉਹਨਾਂ ਨੂੰ ਸ਼ਹੀਦ ਕੀਤਾ ਜਾਵੇ।

ਇਸ ਦੀ ਪੁਸ਼ਟੀ ਬਾਦਸ਼ਾਹ ਜਹਾਂਗੀਰ ਦੀ ਸਵੈ ਜੀਵਨੀ 'ਤੁਰਕਿ ਜਹਾਂਗੀਰੀ' ਤੋਂ ਵੀ ਹੋ ਜਾਂਦੀ ਹੈ, ਜਦੋਂ ਉਹ ਲਿਖਦਾ ਹੈ ਕਿ "ਗੋਵਿੰਦਵਾਲ ਵਿਚ ਜੋ ਬਿਆਸ ਨਦੀ ਦੇ ਕਿਨਾਰੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਗੁਰੂ ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ, ਸਗੋਂ ਬਹੁਤ ਸਾਰੇ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਭੀ ਆਪਣੀ ਰਹਿਤ ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਵਲੀ ਤੇ ਪੀਰ ਹੋਣ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਕਹਿੰਦੇ ਸਨ।। ਸਾਰਿਆਂ ਪਾਸਿਆਂ ਤੋਂ ਫਰੇਬੀ ਤੇ ਠੱਗੀ ਪਸੰਦ ਲੋਕਉਸ ਕੋਲ ਆਕੇ ਉਸ ਉਤੇ ਪੂਰਾ ਏਤਕਾਦ ਅਤੇ ਸ਼ਰਧਾ ਦਾ ਇਜ਼ਹਾਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਏਹ ਦੁਕਾਨ ਗਰਮ ਸੀ। ਕਿਤਨੇ ਸਮੇਂ ਤੋਂ ਮੇਰੇ ਮਨ ਵਿਚ ਇਹ ਖਿਆਲ ਆਉਂਦਾ ਸੀ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮੱਤ ਵਿਚ ਲੈ ਆਉਣਾ ਚਾਹੀਦਾ ਹੈ।"

ਉਪਰੋਕਤ ਲਿਖਤ ਵਿਚ ਬਾਦਸ਼ਾਹ ਜਹਾਂਗੀਰ ਦੀ ਗੁਰੂ ਅਰਜਨ ਦੇਵ ਜੀ ਪ੍ਰਤੀ ਘਿਰਣਾ ਪ੍ਰਤੱਖ ਸਾਬਿਤ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਚਮ ਪਾਤਸ਼ਾਹ ਜੀ ਤਕ ਹਿੰਦੂਆਂ ਤੋਂ ਬਿਨਾਂ ਅਨੇਕ ਮੁਸਲਮਾਨ ਵੀ ਸਿਖੀ ਮੰਡਲ ਵਿਚ ਆਕੇ ਸਿੱਖ ਸੱਜ ਕੇ ਆਪਣਾ ਲੋਕ ਸੁਖੀਆ ਪ੍ਰਲੋਕ ਸੁਹੇਲਾ ਕਰ ਰਹੇ ਸਨ ਜੋ ਕਿ ਮੁਗਲ ਬਾਦਸ਼ਾਹ ਅਤੇ ਕੱਟੜ ਮੌਲਾਣਿਆਂ ਨੂੰ ਇਹ ਗਲ ਹਜ਼ਮ ਨਹੀਂ ਸੀ ਹੋ ਰਹੀ। ਬਾਦਸ਼ਾਹ ਜਹਾਂਗੀਰ ਮੌਕੇ ਦੀ ਤਲਾਸ਼ ਵਿਚ ਸੀ ਕਿ ਜਦੋਂ ਮੌਕਾ ਮਿਲੇ ਤਾਂ ਉਹ ਗੁਰੂ ਜੀ ਨੂੰ ਖਤਮ ਕਰੇ ਭਾਵ ਉਹਨਾਂ ਦੀ ਸਿੱਖ ਧਰਮ ਲਹਿਰ (ਝੂਠ ਦੀ ਦੁਕਾਨ) ਨੂੰ ਖਤਮ ਕਰ ਸਕੇ ਜਾਂ ਫਿਰ ਉਹਨਾਂ ਨੂੰ ਮੁਸਲਮਾਨ ਬਣਾ ਲਵੇ।

ਦੂਜੇ ਪਾਸੇ ਪੰਚਮ ਪਾਤਸ਼ਾਹ ਜੀ ਲੋਕਾਈ ਵਿਚ ਇੰਨੇ ਜ਼ਿਆਦਾ ਪ੍ਰਵਾਨ ਹੋ ਚੁਕੇ ਸਨ ਕਿ ਅਕਬਰ ਬਾਦਸ਼ਾਹ ਸਤਿਗੁਰਾਂ ਦੇ ਦਰਸ਼ਨ ਕਰਨ ਆਪ ਗੋਇੰਦਵਾਲ ਸਾਹਿਬ ਆਇਆ ਸੀ ਅਤੇ ਫਿਰ ਜਦੋਂ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਈ ਸੀ ਤਾਂ ਉਸ ਵਿਚੋਂ ਪਵਿੱਤਰ ਬਾਣੀ ਸੁਣਕੇ ਅਨੰਦਿਤ ਹੋਇਆ ਸੀ ਅਤੇ ਆਪਣਾ ਸਿਰ ਝੁਕਾਇਆ ਸੀ। ਸਿਖ ਗੁਰੂ ਸਾਹਿਬਾਨਾਂ ਦਾ ਮੁਗਲ ਬਾਦਸ਼ਾਹਾਂ ਦੇ ਰਾਜ ਕਾਲ ਵਿਚ ਇੰਨਾਂ ਜ਼ਿਆਦਾ ਆਦਰ ਸਤਿਕਾਰ ਹੋਵੇ, ਇਹ ਕਾਜੀਆਂ ਮੌਲਾਣਿਆਂ ਨੂੰ ਪ੍ਰਵਾਨ ਨਹੀਂ ਸੀ। ਉਹਨਾਂ ਨੇ ਤਾਂ ਅਕਬਰ ਬਾਦਸ਼ਾਹ ਵਲੋਂ ਚਲਾਇਆ ਗਿਆ ਨਵਾਂ ਧਰਮ 'ਦੀਨੇ ਇਲਾਹੀ' ਨੂੰ ਵੀ ਪ੍ਰਵਾਨ ਨਹੀਂ ਸੀ ਕੀਤਾ ਅਤੇ ਉਸਦਾ ਭੋਗ ਬਾਦਸ਼ਾਹ ਅਕਬਰ ਦੇ ਕਾਲ ਵਿਚ ਹੀ ਪੈ ਗਿਆ ਸੀ। ਫਿਰ ਉਹ ਹਿੰਦੂ ਪੀਰ (ਗੁਰੂ ਅਰਜਨ ਦੇਵ ਜੀ) ਦੀ ਵਿਚਾਰਧਾਰਾ ਨੂੰ ਕਿਵੇਂ ਪ੍ਰਵਾਨ ਕਰ ਸਕਦੇ ਸਨ।

ਸਰਹੰਦ ਜੋ ਉਸ ਸਮੇਂ ਪੰਜਾਬ ਦਾ ਪ੍ਰਸਿੱਧ ਸ਼ਹਿਰ ਅਤੇ ਮੁਗਲ ਕਟੜਤਾ ਦਾ ਗੜ੍ਹ ਸੀ, ਉਥੇ ਸੂਫੀ ਸਿਲਸਿਲਾ ਦਾ ਨਕਸ਼ਬੰਦੀ ਲਹਿਰ ਦਾ ਖਲੀਫਾ ਸ਼ੇਖ ਅਹਿਮਦ ਸਰਹੰਦੀ ਦਾ ਵਾਸਾ ਸੀ ਜੋ ਹਿੰਦਸਤਾਨ ਨੂੰ 'ਦਾਰ ਉਲ ਹਰਬ' (ਕਾਫਰਾਂ ਦਾ ਦੇਸ਼) ਨੂੰ "ਦਾਰ-ਉਲ-ਇਸਲਾਮ" ਵਿਚ ਤਬਦੀਲ ਕਰਨ ਦਾ ਇਛੁਕ ਸੀ। ਉਸਨੂੰ ਨਾ ਤਾਂ ਅਕਬਰ ਬਾਦਸ਼ਾਹ ਦੀ ਵਿਚਾਰਧਾਰਾ ਪਸੰਦ ਸੀ ਅਤੇ ਨਾਂਹ ਹੀ ਗੁਰੂ ਅਰਜਨ ਦੇਵ ਜੀ ਦੀ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਵਿਚ ਹਰਮਨ ਪਿਆਰਤਾ ਪਸੰਦ ਸੀ ਉਹ ਨਹੀਂ ਸੀ ਚਾਹੁੰਦਾ ਕਿ ਮੁਸਲਮਾਨ ਗੁਰੂ ਪੰਚਮ ਪਾਤਸ਼ਾਹ ਜੀ ਦਾ ਸਤਿਕਾਰ ਕਰਨ। ਉਦਾਹਰਣ ਵਜੋਂ ਜਦੋਂ ਪੰਚਮ ਪਾਤਸ਼ਾਹ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਉਹ ਸ਼ਹਾਦਤ ਦੀ ਖਬਰ ਸੁਣਕੇ ਬਹੁਤ ਖੁਸ਼ ਹੋਇਆ ਅਤੇ ਉਸਦੀਆਂ ਚਿਠੀਆਂ ਦਾ ਸੰਗ੍ਰਹਿ ਜਿਸਨੂੰ "ਮਕਤੂਬਾਤਿ ਇਮਾਮਿ ਰਬਾਨੀ" ਆਖਿਆ ਜਾਂਦਾ ਹੈ ਉਸ ਵਿਚ ਉਹ ਸੇਖ ਮੁਰਤਜਾ ਖਾਨ ਬੁਖਾਰੀ ਨੂੰ ਸ਼ਹਾਦਤ ਬਾਰੇ ਇਸ ਪ੍ਰਕਾਰ ਲਿਖਦਾ ਹੈ :

**(ਬਾਕੀ ਸਫਾ 6 ਤੇ)**

## ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਉਪਦੇਸ਼ ਘਰ ਘਰ ਪਹੁੰਚਣ



*ਰਸਨਾ ਪਵਿੱਤਰ ਕਰੋ ਸਾਰੇ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ।*

*ਜਿਹੜੀ ਪੁਸਤਕ ਹੁਣੇ ਰਲੀਜ਼ ਹੋਈ ਏ ਉਹ ਅੰਗਰੇਜ਼ੀ ਵਿਚ ਹੈ- Discourses of Satguru Pratap Singh Ji- Vol 3 ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਪੰਜਾਬੀ ਵਿਚ ਛਪੇ ਸਨ। ਉਹਦੇ ਬਾਰੇ ਤੁਹਾਨੂੰ ਪਤਾ ਹੋਵੇਗਾ ਸੰਤ ਸਿੰਘ ਜੀ ਅਤੇ ਬੀਬੀ ਬੇਅੰਤ ਕੌਰ ਨੇ ਗੁਰਮੁਖੀ ਵਿਚ ਲਿਖੇ ਸਨ ਅਤੇ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਕਿਰਪਾ ਕਰਕੇ ਆਪ ਲਿਖਵਾਏ ਸਨ। ਇਹਨਾਂ ਨੂੰ ਖੁਸ਼ੀਆਂ ਦਿੱਤੀਆਂ ਸਨ। ਜਿਹੜਾ ਇਸਦਾ ਨਾਮ ਵੀ ਰੱਖਿਆ "ਲਾਲ ਏਹਿ ਰਤਨ" ਉਹ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਇਕ ਗੁਰਬਾਣੀ ਦੀ ਤੁਕ "ਅਮੁਲੀਕ ਲਾਲ ਏਹਿ ਰਤਨ" ਤੇ ਰਖਿਆ ਸੀ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੀ ਇਹ ਬੜੀ ਇਛਾ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਉਪਦੇਸ਼ ਘਰ ਘਰ ਪਹੁੰਚਣ। ਮੈਨੂੰ ਪਤਾ ਨਹੀਂ ਕਿ ਤੁਸੀਂ ਕਿੰਨੇ ਕੁ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਸੁਣਦੇ ਹੋ ਪਰ ਜੇ ਨਹੀਂ ਸੁਣਦੇ ਤੇ ਜ਼ਰੂਰ ਸੁਣਿਆ ਜਾਂ ਪੜ੍ਹਿਆ ਕਰੋ।*

*ਜਿਨ੍ਹਾਂ ਬੱਚਿਆਂ ਨੂੰ, ਜਿਨ੍ਹਾਂ ਬੀਬੀਆਂ ਨੂੰ ਗੁਰਮੁਖੀ (ਪੰਜਾਬੀ) ਦੀ ਸਮਝ ਨਹੀਂ ਆਉਂਦੀ, ਉਹਨਾਂ ਲਈ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਸੰਤ ਸਿੰਘ ਹੁਰਾਂ ਅੰਗਰੇਜ਼ੀ ਵਿਚ ਟਰਾਂਸਲੇਟ (ਅਨੁਵਾਦ) ਕੀਤੇ ਨੇ, ਬਹੁਤ ਵਡੀ ਮਿਹਨਤ ਏ। ਬਹੁਤ ਸਾਰੇ ਬੱਚੇ ਨੇ ਜਿਹੜੇ ਹਿੰਦੀ ਪੜ੍ਹਦੇ ਨੇ ਜਾਂ ਅੰਗਰੇਜ਼ੀ ਪੜ੍ਹਦੇ ਨੇ ਉਹਨਾਂ ਨੂੰ ਪੰਜਾਬੀ ਨਹੀਂ ਆਉਂਦੀ। ਜੇ ਸਾਰੀ ਸਾਧ ਸੰਗਤ ਕਿਰਪਾ ਕਰੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਹੁਕਮ ਮੰਨਿਆ ਜਾਵੇ ਉਹ ਸਾਡੇ ਭਲੇ ਵਾਸਤੇ ਹੀ ਹੈ। ਤੁਸੀਂ ਘਰ ਵਿਚ ਇਹ ਪੁਸਤਕ ਲੈ ਕੇ ਰਖੋ। ਸਤਿਜੁਗ ਦੇ ਦਫਤਰ ਵਿਚੋਂ ਮਿਲ ਜਾਵੇਗੀ। ਬੱਚਿਆਂ ਨੂੰ ਰੋਜ਼ ਥੋੜੀ ਥੋੜੀ ਪੜ੍ਹਾ ਦਿਓ, ਇਕ ਪੇਜ ਪੜਾ ਦਿਓ, ਦੋ ਪੇਜ਼ ਪੜਾ ਦਿਓ ਜਿਹੜੇ ਇਹ ਪੂਰਨੇ ਪੈ ਜਾਣਗੇ, ਬੱਚੇ ਸਿੱਖ ਬਣ ਜਾਣਗੇ।*

*ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਹੁਕਮ ਮੁਤਾਬਿਕ ਪੜ੍ਹਾਈ ਆ ਜਾਂਦੀ ਏ, ਪੈਸੇ ਆ ਜਾਂਦੇ ਨੇ, ਪਰ ਜਿਹੜੀ ਸਿੱਖੀ ਏ ਸਭ ਤੋਂ ਵੱਡਮੁਲੀ ਏ ਉਹ ਰਹਿ ਜਾਂਦੀ ਹੈ। ਸਿਖੀ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਸੁਣਿਆਂ, ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਪੜ੍ਹਿਆਂ ਆਉਂਦੀ ਏ। ਮੈਂ ਵੇਖਿਆ ਏ ਜਿਹਨਾਂ ਘਰਾਂ ਵਿਚ ਨਾਮ ਸਿਮਰਨ ਹੁੰਦਾ ਏ, ਉਹਨਾਂ ਘਰਾਂ ਵਿਚ ਸਿੱਖੀ ਅਜੇ ਵੀ ਪੂਰੀ ਤਰ੍ਹਾਂ ਬਰਕਰਾਰ ਏ। ਜਿਨ੍ਹਾਂ ਘਰਾਂ ਵਿਚ ਬੈਠਕੇ ਸਵੇਰ ਤੋਂ ਲੈ ਕੇ ਸ਼ਾਮ ਤਕ ਨਿੰਦਿਆ ਹੁੰਦੀ ਏ ਉਹਨਾਂ ਘਰਾਂ ਵਿਚ ਸਿੱਖੀ ਨਹੀਂ ਰਹਿੰਦੀ। ਤੁਸੀਂ ਇਥੇ ਸਾਹਮਣੇ ਵੇਖਿਆ ਏ ਜਿਹੜੇ ਬਹੁਤ ਸਾਰੇ ਘਰ ਅਜ ਦੂਜੇ ਪਾਸੇ ਤੁਰੇ ਫਿਰਦੇ ਨੇ, ਮੈਂ ਇਹ ਵੀ ਕਹਿ ਦੇਵਾਂ ਜਿਹੜੇ ਪਰਾਂ ਪਰਾਂ ਤੁਰੇ ਫਿਰਦੇ ਨੇ ਇਹ ਉਹ ਨੇ ਜਿਨ੍ਹਾਂ ਦੇ ਘਰਾਂ ਵਿਚ ਬੈਠ ਕੇ ਨਿੰਦਿਆ ਹੁੰਦੀ ਰਹਿੰਦੀ ਏ, ਜਿਨ੍ਹਾਂ ਘਰਾਂ ਵਿਚ ਬੈਠ ਕੇ ਅਲੋਚਨਾ ਹੁੰਦੀ ਏ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਇਹ ਹੁਕਮ ਏ - ਨਿੰਦਿਆ ਨਾ ਕਰਿਆ ਕਰੋ, ਨਿੰਦਿਆ ਨਾ ਸੁਣਿਆ ਕਰੋ।*

*ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ਾਂ ਨੂੰ ਲਿਖਣ ਤੇ ਸੰਤ ਸਿੰਘ ਹੁਰਾਂ ਬਹੁਤ ਮਿਹਨਤ ਕੀਤੀ ਏ। ਘਰ ਵਿਚ ਲੈ ਕੇ ਰਖੋ, ਪੜ੍ਹਿਆ ਕਰੋ, ਪੜ੍ਹ ਕੇ ਵਿਚਾਰ ਕਰਿਆ ਕਰੋ ਉਸ ਵਿਚ ਸਾਡਾ ਵੀ ਭਲਾ ਏ ਤੇ ਅਗੋਂ ਬੱਚਿਆਂ ਦਾ ਵੀ ਭਲਾ ਏ।*

*-ਦਿੱਲੀ, ੨੨ ਮਈ ੨੦੧੬*

सतिजुग
1920 में स्थापित

# श्री गुरु अर्जुन देव जी : महान् कार्य एवम् वाणी संदेश

✍ सतवंत कौर मठारु

सिक्ख धर्म के पंचम पातशाह श्री गुरु अर्जुन देव जी ने अपना समस्त जीवन धर्म प्रचार एवम् लोक हित में लगा दिया। आपके महान् कार्यों का अध्ययन–विशलेषण करने के पश्चात उनमें निहित सन्देश की प्राप्ति होती है–

**वाणी रचना–**

श्री गुरु अर्जुन देव जी ने सबसे बडे आकार वाली वाणी की रचना की है। आप की वाणी राग बद्ध, राग रहित तथा लोक काव्य के कई रुपों में प्राप्त होती है। सुखमनी साहिब आपकी दीर्घ आकार रचना है। यह वाणी सुखों की खान मानी जाती है। इस श्रेष्ठ रचना का महात्म बहुत है। इसका पाठ करने एवम् श्रवण करने से मनोबल एवम् इच्छाओं की पूर्ति होती है। यह कलह कलेश को मिटाती है जैसा की इस अष्टपदी में गुरु साहिब ने उचारण किया है–

*सिमरऊ सिमरि*
*सिमरि सुख पावऊ।।*
*कलि कलेश*
*तन महि मिटावऊ।।*
*सुखमनी सुख*
*अमृत प्रभ नाम।।*
*भगत जना कै मन बिस्राम।*

आपकी वाणी में निहित संदेश गुरु नानक देव जी की वाणी संदेश को दृढ़ करता है। आपने सर्व सांझे हित, सर्व सत्कार तथा समानता का स्वर ऊँचा किया है। आपकी वाणी रचना में कई प्रसंग स्थल ऐसे आते हैं जो मानव ईर्ष्या, लोभ, अंहकार तथा स्वार्थों को त्याग कर आपसी मेल मिलाप भावना की ओर प्रेरित करते हैं। आपने राम रहीम की तदरुपता को दर्शाते हुए उच्चारण किया है –

*होइ इक्त्तर मिलेहु मेरे भाई*
*दुबिधा दूर करहु लिवलाइ।।*
*गुरु मुख बैसहु सफा बिछाई।।*
*कोई बोलै राम राम कोई खुदाऐ*
*कोई सेवै गुसईआं कोई अल्लाहि।।*

गुरु साहिब ने मुख्य रुप में गुरु शोभा, गुरु नाम, गुरु हुक्मए गुरु वाणी–गायन, गुरु सेवा, गुरु सरोवर, गुरु संगत के मिलाप आदि पक्षों को दृढ़ करने पर बल दिया है। कई प्रसंग–स्थलों में मातृ सत्कार के लिये माई शब्द का प्रयोग किया है।

**श्री आदि ग्रन्थ का सम्पादन**

गुरु अर्जुन देव जी का अति महान् एवम् अहम् कार्य बृद्ध आकार ग्रन्थ का सम्पादन है। इसमें किसी प्रकार के भेद भाव तथा साम्प्रदायिकता की भावना को कोई स्थान नहीं दिया गया बल्कि इन सभी बातों से ऊपर उठकर यह ग्रंथ राष्ट्रीय एकता की भावना को ऊँचा करता है। राष्ट्रीय एकीकरण को संदेश गुरु साहिब की मौलिक देन है। इसमें समकालीन धार्मिक परम्पराओं का उल्लेख किया गया है। इसमें सर्वाधिक बल मानवीय मूल्यों पर दिया गया है। सर्व समरुपता का संदेश ग्रंथ साहिब में सम्पादन कार्य का बहु–मूल्य संदेश है। इसमें गुरु साहिब ने सम्पादन विधि का प्रयोग करके नवीन कार्य किया है। इसमें गुरुओं, सूफी संतों, फकीरों, भक्तों तथा भट्टों की रचना को बडे अच्छे क्रमानुसार रखा है। गुरु साहिब की वाणी महल्ला अंक के अधीन आंकी गई है। गुरुवाणी तथा संत भक्त वाणी तदरुप है। दोनों में अंतिम तत्व को खोजा तथा आराध्य गया है। संयुक्त भारतीय संस्कृति का मूल स्त्रोत अद्धैत ही है। यहाँ अंक की विधि द्वारा ज्योति संक्ल्प का प्रतिपादन हुआ है। इसके साथ गुरुवाणीकारों के चिन्तन में अनेकता स्थापित हो सकी है। ज्योति संकल्प संसारिक निरन्तरता का ही दैवीकरण है, ऐसे ही ऐतिहासिक का आध्यात्मिकरण है।

**भवन निर्माण–**

श्री गुरु अर्जुन देव जी ने गुरु सम्प्रदाय स्थापित करने के लिये धर्म मन्दिर बनवाये, छुआछूत, ऊँच नीच, वैर विरोध समाप्त करने के लिये सरोवर के कुओं का निर्माण किया। अमृतसर शहर बनवाया, रहने के लिये मकानों की व्यवस्था की, आश्रम बनवाये, गुरु का बाग बनवाया। गुरु जी के पास विभिन्न कार्यों हेतु विभिन्न क्षेत्रों से लोग आये। हरि मंदिर साहिब की स्थापना की। अमूर्त परमात्मा को समूर्त स्थान प्रदान किया। यहां पर अनेक कलाओं, भाषाओं, संगीत कला, सम्पादन कला आदि का एकीकरण हुआ। हरि मंदिर साहिब के चतुर्थ दरवाजे, चारों धर्मों के लोगों के स्वागत हेतु थे। यह कमल पुष्प का प्रतीक है जो सदा जल से ऊपर रहता है, हरि मन्दिर गुरु के दर्शन का प्रतीक है ये मुक्ति के प्रतीक भी बन जाते हैं।

*रामदास सरोवर नाते*
*सब उतरे पाप कमाते।।*
*नानक नाम धिआइआ*
*तिन सरब सुख फल पाइआ।।*

यहाँ पर आम साधारण को आर्कषण व प्रलोभन देकर ऊँची जीवन शैली के साथ जुड़ने का संदेश है।

**कौमी संगठन–**


श्री गुरु अर्जन देव जी ने दसवन्ध की परम्परा का आरम्भ किया। इसको एकत्र करने का कार्यभार मसन्दों को सौंपा गया। ताकि खर्चो की पूर्ति तथा लंगर प्रबन्ध कार्य सुचारु रुप से हो सके। उस समय के प्रबन्धकों को स्वः सरकार जैसी सन्तुष्टि हुई। दसवन्ध कार्य समझदारी का संदेश देता है। गुरु जी ने अमृतसर शहर को एक व्यापारिक क्रेन्द्र बना दिया। यहाँ लोग भजन भी करें तथा साथ साथ वे व्यापार भी करें। स्वालम्बी बनने का तथा अपनी सूझ बूझ के साथ जीवन के हर क्षेत्र में प्रगति करने का संदेश मिलता है।

**शहादत–**

लोगों का प्रसन्नता भरा जीवन व गुरु साहिब की बढ़ती शोभा तथा उनके द्वारा किये कार्यों के प्रभाव के कारण आपके विरोधी अत्यन्त परेशान हुए। वे आये दिन जाल–साजियां करने लगे। शासक वर्ग को मिथ्या बातों से भडका दिया। मुगल गुरु जी से ईर्ष्या करने लगे। अन्त जहांगीर बादशाह ने ईर्ष्या वश गुरु जी को गिरफतार करने का आदेश दिया। आप पर भारी जुर्माना लगाया गया और उन्हें धर्म परिर्वतन के लिये कहा गया। जब गुरु जी ने इन सब बातों से इन्कार किया तो आप पर उन्होंने अनेक अत्याचार किये। गर्म तपते लोहे पर बिठाया और ऊपर से गर्म रेत डाली, फिर उबलते पानी में रखकर उबाला। जब उन्होंने गुरु जी को गऊ चमड़े में बन्द करने की बात करते सुना तो आपने रावी में स्नान की इच्छा व्यक्त की। आपको गुलाम रावी पर ले गये। वहां रावी में आपको छोड दिया। आप रावी में ही ज्योति ज्योत समा गए। इस तरह 30 मई 1606 ई. में गुरु साहिब ने धर्म हेतू अपना बलिदान देकर शहीदी परम्परा का आरम्भ किया।

श्री गुरु अर्जुन देव जी की खामोश शहादत ने सिक्ख कौम में जुल्म अत्याचारों के विरुद्ध क्रान्ति का अथाह जोश भर दिया। इस तरह भक्ति ने भगोति (शक्ति) का रुप धारण कर लिया जो इस्लाम के लिए भारी संकट का कारण सिद्ध हुआ। गुरु जी की शहादत दिवस सभी स्थलों पर बड़ी श्रद्धा से मनाया जाता है। हम सच्चे मन से सिक्ख सिद्धांतों की पालना करें, उनकी वाणी को जीवन में उतारें, यही गुरु साहिब के प्रति हमारी सच्ची श्रद्धांजली है। ■

# श्री सद्‌गुरु हरी सिंह जी की जीवन साधना



नामधारी सम्प्रदाय के द्वितीय गुरु श्री सद्‌गुरु हरी सिंह जी श्री सद्‌गुरु राम सिंह जी के अनुज भ्राता थे। आपका पहले नाम बुद्ध सिंह था। श्री सद्‌गुरु राम सिंह जी ने अपने जलावतन होने से पूर्व नामधारी पंथ की सम्पूर्ण जिम्मेदारी आपको सौंप दी थी। विक्रमी 1925 में एक दिन श्री सद्‌गुरु राम सिंह जी ने आपको अपने वस्त्रा धारण करवा कर अपने साथ आसन पर बिठाकर संगत को बताते हुए कहा : हम दोनों में कोई अन्तर नहीं है, एक ही रुप है। जलावतन के दिन आपको अपना उतराधिकारी बना दिया। रंगून से अपना प्रथम हुक्मनामें में आपका नाम हरी सिंह रखकर संगत को यह आदेश दिया – ये सिक्खी हरी रखेंगे।

**आगमन**–श्री सद्‌गुरु हरी सिंह जी का प्रकाश असु के तीसरे नराते, दिन बुधवार सम्मत् 1876 विक्रमी मुताबिक 1819 ई. को गांव राईयां पिता जस्सा सिंह तथा माता सदा कौर के घर हुआ। पिता जस्सा सिंह ने इनका नाम बुध सिंह रखा। इन के बडे भाई श्री सद्‌गुरु राम सिंह जी तथा दो बहने बीबी मान कौर और उतम कौर जी थीं।

**सरकार की कडी निगरानी**–श्री सद्‌गुरु हरी सिंह जी अंग्रेज सरकार की कडी निगरानी अधीन श्री भैणी साहिब में रहे। अंग्रेज सरकार ने नामधारी सिक्खों के विरुद्ध दमन च्रक की नीति चला दी। श्री भैणी साहिब की डयौडी के बाहर निद्रयी पुलिस की विशेष रुप से चौकी बिठा दी। यह चौकी सन् 1872 से आरम्भ होकर 23 मई 1923 तक रही पचास वर्षो तक यहां पुलिस की चौकी तैनात रही। सरकार की सख्ती– श्री सद्‌गुरु जी के दर्शन करना दुर्लभ था।

अंग्रेज सरकार की बहुत सख्ती थी। केवल पांच सिक्ख ही श्री भैणी साहिब जाकर दर्शन कर सकते थे। नामधारी पंथ को गैर कानूनी करार देकर सिक्खों को आपस में मिलने, पूजा पाठ कीर्तन करने तथा मेले समागम करने पर सख्त पाबन्दी लगा दी थी। सरकार के अत्याचार बढ़ने लगे। यह सिलसिला कई वर्षों तक चलता रहा। इसके बावजूद श्री सद्‌गुरु हरी सिंह जी ने अपनी सूझ बूझ से श्री सद्‌गुरु राम सिंह जी द्वारा प्रारम्भ किये सभी राजनीतिक, सामाजिक एवम् धार्मिक कार्यो को पूर्ण किया। आपने सम्वत् 1984 आदि श्री ग्रंथ साहिब के पांच अखण्ड पाठ श्री सद्‌गुरु राम सिंह जी के पुनः दर्शन के लिये पुरी मर्यादा अनुसार करवाये। सरकार की कडी निगरानी के बावजूद सद्‌गुरु जी द्वारा चलाई गतिविधियों को आगे बढ़ाया।

**धर्म प्रचार व गतिविधियां**– श्री सद्‌गुरु राम सिंह जी के अधूरे कार्यो को आपने गतिशीलता प्रदान की। कूका आन्दोलन के धार्मिक पक्ष के अस्तित्व को प्रकट रखा। सदा वरत लंगर की प्रथा को चालू रखा। अकाल पीड़ितों को शरण दी व सहायता की। अंग्रेज सरकार ने जमीन देकर सहायता करनी चाही पर आपने उनके प्रस्ताव को अस्वीकार कर दिया। आपने भारत स्वतन्त्रता की पताका को और ऊंचा कर दिया।

जब सरकार की पाबन्दी ढीली हुई तो आपने खुल्म खुला धर्म प्रचार कार्य को गतिशीलता दी। आपने पंजाब के दौरे प्रारम्भ कर दिये। इस तरह संगत को धैर्य मिलने लगा। टुटे सिक्ख पुनः गुरु चरणों में जुडने लगे। सद्‌गुरु जी की बीजी हुई सिक्खी हरी रखी। रामसर के आसपास की जमीन खरीदी। धीरे धीरे आवास बढने लगा। श्री भैणी साहिब का विकास हुआ। ■

# RADIANT STARS OF
## SHAHEED BISHAN SINGH MEMORIAL SENIOR SECONDARY SCHOOL
### Class – XII 2015-16



**93.6%**
**Bharti Goel**

| | | | |
|---|---|---|---|
| Biology | 98 | English | 95 |
| Physics | 95 | Chemistry | 95 |



**90.6%**
**Sukhwinder Kaur**

| | | | |
|---|---|---|---|
| English | 95 | Pol.Science | 95 |
| Comm. Arts | 94 | Punjabi | 92 |



**89.6%**
**Anshu Mehndiratta**

| | | | |
|---|---|---|---|
| English | 95 | B.Studies | 95 |
| Accounts | 93 | Economics | 87 |

## OVERALL RESULT - 100%

## SCORING 95% AND ABOVE



**Avneet Kaur**
Music 99



**Laabh Kaur**
Music 99



**Rattan Kaur**
Music 99



**Balpreet Kaur**
Music 98



**Bharti Goel**
Biology 98
Physics 95
Chemistry 95
English 95



**Ishwinder Kaur**
Comm.Arts - 97



**Swaran Kaur**
Comm.Arts 96
English 95



**Harleen Kaur**
Music 96



**Sukhwinder Kaur**
English 95
Pol Science 95



**Gurpreet Kaur**
Pol Science 95



**Harsh**
English 95



**Ayushi Talwar**
English 95
Accounts 95



**Gograj Sunda**
Accounts 95
B.Studies 95



**Anshu Mehndiratta**
B.Studies 95
English 95



**Jaideep Singh**
Music 95



**Tanya Abrol**
Accounts 95



**Jaskirat Singh**
English 95



**Isha Maggo**
English 95



**Daya Kaur**
English 95

## BRILLIANT RESULT OF CLASS XII OF SHAHEED BISHAN SINGH MEMORIAL SCHOOL

By the grace of Satguru Uday Singh Ji, the students of Shaheed Bishan Singh Memorial Senior Secondary School, New Delhi brought laurels to the school by achieving 100% result of class XII for the academic year 2015-16. Meritorious students Bharti Goel (Science Stream) scored 93.6% marks for the first rank, Sukhvinder Kaur (Humanities) obtained 90.6% for 2nd position and Commerce student Anshu Mehndiratta got 89.6% marks securing 3rd rank in the class.

Students scored exceptionally well in all the streams. There is a qualitative improvement in the result. Out of 82 students, 32 scored 90% and 58 subjects and 19 got 95% and above in 28 subjects. The percentage of distinctions was exceptionally high this year. 64 students got distinctions in different subjects. Distinction per student was 181%

**Music**: Music was on the top with 99% marks obtained by 3 students and 90% and above by all music students.

**Biology**: In Biology 98% is the top score. Three out of six students scored mre than 75% marks.

**Commercial Arts**: In Commercial Arts all 24 students got distinctions and 8 students secured above 90% . The highest marks in Commercial Arts is 97%.

**English**: English once again had a glorious result. Nine students got 95% marks in the subject while 17 students got 90% and above. More than 55% students scored more than 75% marks in English.

**Accountancy and Business Studies**: The result of Commerce stream is once again brilliant. 95% is the highest score achieved by 3 students . 7 students got 90% and above. Number of distinctions in Accounts is 8 and 10 in Business Studies.

**Political Science**: Two students got 95% marks in Pol. Science and 3 students scored above 75%.

**Physics, Chemistry**: In both the subjects, the highest score is 95% obtained by one student each.

**Economics**: In Economics 94% is the highest score and 4 students got above 90% with distinctions.

**Punjabi:** 92% is the highest score and 50% students achieved distinction.

In other subjects like IP, Physical Education also, the students performed exceptionally well.

The Chairman along with members of the management committee congratulated the Principal, Vice Principal and all the teachers on such remarkable result. All this could become possible only with abundant blessings and benign love and care of Sri Satguru Uday Singh Ji.

# ਪ੍ਰਾਂਣਾ ਦੀ ਆਹੂਤੀ ਦੇਣ ਵਾਲਾ...(ਬਾਕੀ ਸਫਾ 1 ਦੀ)

ਸਰਕਾਰੀ ਰਿਕਾਰਡ ਦੀਆਂ ਫਾਈਲਾਂ ਅੰਦਰ ਦਰਜ਼ ਹੁਲੀਏ ਮੁਤਾਬਿਕ ਗੋਰੇ ਨਿਛੋਹ ਰੰਗ, ਦਰਮਿਆਨੇ ਕੱਦ ਅਤੇ ਭਰਪੂਰ ਸੁਡੌਲ ਸਰੀਰ ਦੇ ਮਾਲਕ ਸੂਬਾ ਸਾਹਿਬ ਸਿੰਘ ਦਾ ਜਨਮ 1834 ਈ. ਵਿਚ ਪਿੰਡ ਬੰਗਾਲੀਪੁਰ ਵਿਚ ਸ. ਦਿਆਲ ਸਿੰਘ ਦੇ ਘਰ ਹੋਇਆ। ਸੂਬਾ ਸਾਹਿਬ ਸਿੰਘ ਬਚਪਨ ਬਤੀਤ ਹੋਣ ਤੋਂ ਬਾਅਦ ਅਰਸਾ ਤਕਰੀਬਨ 9 ਸਾਲ ਉਦਾਸੀ ਸਾਧਾਂ ਦੀ ਜਮਾਤ ਨਾਲ ਵਿਚਰਦੇ ਰਹੇ ਅਤੇ ਇਸੇ ਸਮੇਂ ਦੌਰਾਨ ਹੀ ਉਸਨੇ ਗੁਰਮੁਖੀ, ਪੰਜਾਬੀ, ਫਾਰਸੀ ਅਤੇ ਉਰਦੂ ਭਾਸ਼ਾ ਦਾ ਗਿਆਨ ਵੀ ਹਾਸਿਲ ਕਰ ਲਿਆ। ਇਤਿਹਾਸਕ ਤੱਥ ਦਸਦੇ ਹਨ ਕਿ ਸੰਨ 1859 ਵਿਚ ਹਜ਼ਰੋਂ ਜਾ ਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਪਾਸੋਂ ਭਜਨ ਦੀ ਦਾਤ ਪ੍ਰਾਪਤ ਕਰ ਚੁਕੇ ਸਨ। ਏਸ ਭਜਨ ਦਾ ਪ੍ਰਤਾਪ ਅਤੇ ਪੂਰਬਲਾ ਅੰਕੁਰ ਹੋਇਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇ ਕੇ ਸ੍ਰੀ ਭੈਣੀ ਸਾਹਿਬ ਆਉਣ ਦਾ ਹੁਕਮ ਕੀਤਾ। ਸ੍ਰੀ ਭੈਣੀ ਸਾਹਿਬ ਪਹੁੰਚਣ ਦੀ ਦੇਰ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਤੇਜੱਸਵੀ ਮੁਖੜੇ ਅਤੇ ਵਿਸ਼ਵਾਸ ਯੁਕਤ ਬਾਣੀ ਨੇ 25 ਸਾਲ ਦੇ ਨੌਜਵਾਨ ਸਾਹਿਬ ਦਾ ਮਨ ਮੋਹ ਲਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਿਤ ਸ੍ਰੀ ਭੈਣੀ ਸਾਹਿਬ ਦੀ ਇੱਕ ਤੀਰਥ ਦਾ ਰੂਪ ਧਾਰਨ ਕਰਨ ਲੱਗੀ ਸੀ। ਸੰਗਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਸ੍ਰੀ ਭੈਣੀ ਸਾਹਿਬ ਆਉਣੀ ਸ਼ੁਰੂ ਹੋ ਚੁੱਕੀ ਸੀ। ਆਮਦਨ ਦੇ ਵਸੀਲੇ ਵਧਣ ਕਾਰਨ ਆਏ ਲੋਕਾਂ ਲਈ ਲੰਗਰ ਦੇ ਪ੍ਰਬੰਧ ਦੀਆਂ ਵਿਉਂਤ ਬਣਨ ਲੱਗੀਆਂ। ਸ੍ਰੀ ਭੈਣੀ ਸਾਹਿਬ ਰਹਿੰਦੇ ਸਰੀਰਾਂ ਦੀ ਲੋੜ ਪੂਰਤੀ ਲਈ ਤੀਖਣ ਬੁੱਧੀ ਦੇ ਮਾਲਕ ਸਾਹਿਬ ਸਿੰਘ ਨੂੰ ਦੁਕਾਨਦਾਰੀ ਦੀ ਜ਼ਿੰਮੇਵਾਰੀ ਸੰਭਾਲਣ ਲਈ ਦਿੱਤੀ ਗਈ। ਇਸ ਦੇ ਨਾਲ ਹੀ ਉਹ ਡੇਰੇ ਵਿਚ ਰਹਿੰਦੇ ਇਸਤਰੀ ਪੁਰਸ਼ਾਂ ਨੂੰ ਗੁਰਮੁਖੀ ਅੱਖਰ ਪੜ੍ਹਾਉਣ ਅਤੇ ਗ੍ਰੰਥ ਸਾਹਿਬ ਦੇ ਪਾਠ ਕਰਨ ਦੀ ਸੰਥਿਆ ਦੇਣ ਲਗ ਪਏ। 1862 ਦੇ ਪ੍ਰਚਾਰ ਦੌਰੇ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਾਹਿਬ ਸਿੰਘ ਦੀ ਯੋਗਤਾ ਨੂੰ ਧਿਆਨ ਵਿਚ ਰੱਖਦੇ ਹੋਏ ਇਸਨੂੰ ਸ੍ਰੀ ਭੈਣੀ ਸਾਹਿਬ ਦਾ ਮੁਕੰਮਲ ਪ੍ਰਬੰਧਕ ਬਣਾ ਦਿੱਤਾ। ਸਰਕਾਰੀ ਪਹਿਲੀ ਰਿਪੋਰਟ ਜੋ ਸਾਹਿਬ ਸਿੰਘ ਬਾਰੇ ਮਿਲੀ ਉਸ ਮੁਤਾਬਿਕ ਡਿਪਟੀ ਕਮਿਸ਼ਨਰ ਪੁਲਿਸ ਸੁਪਰਡੈਂਟ ਜਲੰਧਰ ਨੂੰ ਦੱਸਿਆ, "ਮੈਂ ਸੂਹੀਆ ਗੰਡਾ ਸਿੰਘ ਨੂੰ ਗੁਰੂ ਰਾਮ ਸਿੰਘ ਦੇ ਪਿੰਡ ਭੇਜਿਆ ਸੀ। ਗੁਰੂ ਰਾਮ ਸਿੰਘ ਉਥੋਂ ਗੈਰ ਹਾਜ਼ਰ ਸਨ ਪਰ ਉਹਨਾਂ ਦਾ ਚੇਲਾ ਸਾਹਿਬ ਸਿੰਘ ਉਥੇ ਮੌਜੂਦ ਸੀ ਜੋ ਡੇਰੇ ਦਾ ਸਾਰਾ ਪ੍ਰਬੰਧ ਦੇਖ ਰਿਹਾ ਸੀ।" ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੌਰਿਆਂ ਤੇ ਪਾਬੰਦੀਆਂ ਦਾ ਸਾਹਮਣਾ ਕਰਨ ਲਈ 1866 ਵਿੱਚ ਪਹਿਲੇ ਪੰਜ ਥਾਪੇ ਸੂਬਿਆਂ ਵਿਚ ਹੀ ਸਾਹਿਬ ਸਿੰਘ ਨੂੰ ਵੀ ਸੂਬਾ ਪੱਦਵੀ ਨਾਲ ਨਿਵਾਜਿਆ ਭਾਵ ਕਿ ਸੂਬਾ ਥਾਪ ਦਿੱਤਾ। ਤੀਖਣ ਬੁੱਧੀ ਦਾ ਮਾਲਕ ਹੋਣ ਕਰਕੇ ਸੂਬਾ ਸਾਹਿਬ ਸਿੰਘ ਦਾ ਕੰਮ ਕਰਨ ਦਾ ਆਪਣਾ ਨਿਵੇਕਲਾ ਹੀ ਅੰਦਾਜ ਸੀ। ਹੁਣ ਸ੍ਰੀ ਭੈਣੀ ਸਾਹਿਬ ਵਿਖੇ ਦੇਸ ਆਜ਼ਾਦੀ ਲਈ ਘੜੀਆਂ ਜਾਣ ਵਾਲੀਆਂ ਨੀਤੀਆਂ ਵਿਚ ਹਰ ਸਮੇਂ ਸੂਬਾ ਸਾਹਿਬ ਸਿੰਘ ਦਾ ਸਲਾਹ ਮਸ਼ਵਰਾ ਲਿਆ ਜਾਂਦਾ ਸੀ।। ਸੰਨ 1871 ਦੇ ਅਖੀਰ ਵਿਚ ਨੇਪਾਲ ਨਰੇਸ਼ ਕੋਲ ਜਾਣ ਵਾਲੇ ਸਾਥੀਆਂ ਦੀ ਅਗਵਾਈ ਵੀ ਸੂਬਾ ਸਾਹਿਬ ਸਿੰਘ ਕੋਲ ਸੀ। 27 ਅਕਤੂਬਰ 1867 ਈ. ਦੇ ਦਿਵਾਲੀ ਅੰਮ੍ਰਿਤਸਰ ਦੇ ਮੇਲੇ ਸਮੇਂ ਸੂਬਾ ਸਾਹਿਬ ਸਿੰਘ ਨੇ ਤਖਤ ਦੇ ਪੁਜਾਰੀਆਂ ਵਲੋਂ ਅਰਦਾਸਾ ਨਾ ਕਰਨ ਤੇ ਅਖਿਆ, "ਜੀ ਗੁਰੂ ਤਾਂ ਸਰਬਗ ਹੈ ਕੀ ਕਰਨਾ ਹੈ ਜਾਇਕੇ ਏਥੋਂ ਹੀ ਪ੍ਰਾਣਾਂ ਦੀ ਆਹੂਤੀ ਦੇਣ ਵਾਲਾ ਮੱਥਾ ਟੇਕ ਲਵੋ।" ਇਹ ਬੋਲ ਸੂਬਾ ਸਾਹਿਬ ਸਿੰਘ ਦੇ ਆਪਣੇ ਗੁਰੂ ਪ੍ਰਤੀ ਸਮਰਪਿਤ ਭਾਵਨਾ ਨੂੰ ਦਰਸਾਉਂਦੇ ਹਨ। ਸਪਸ਼ਟ ਹੈ ਕਿ ਉਸ ਵੇਲੇ ਤਖਤਾਂ ਦੇ ਪੁਜਾਰੀ ਅੰਗਰੇਜ਼ਾਂ ਦੇ ਚਾਟੜੇ ਬਣੇ ਬੈਠੇ ਸਨ।

ਸਮਾਂ ਪਾ ਕੇ ਅੰਮ੍ਰਿਤਸਰ, ਮਲੇਰਕੋਟਲਾ, ਲੁਧਿਆਣਾ ਅਤੇ ਰਾਏਕੋਟ ਦੇ ਸ਼ਹੀਦੀ ਸਾਕੇ ਵਾਪਰ ਚੁੱਕੇ ਸਨ। ਪੂਰਾ ਕੂਕਾ ਪੰਥ ਬਾਗੀ ਕਰਾਰ ਦੇ ਦਿੱਤਾ ਗਿਆ ਸੀ। ਅੰਗਰੇਜ਼ ਹਕੂਮਤ ਸਤਿਗੁਰੂ ਰਾਮ ਸਿੰਘ ਦੇ ਨਾਮ ਤੇ ਘਬਰਾਈ ਹੋਈ ਸੀ। ਅਖੀਰ ਜਨਵਰੀ 1872 ਨੂੰ ਪੰਜਾਬ ਸਰਕਾਰ ਦੀ ਚਿਠੀ ਤੇ ਅਮਲ ਕਰਦਿਆਂ ਲਾਟ ਸਾਹਿਬ ਨੇ ਕਲਕੱਤੇ ਵਾਇਸ ਰਾਇ ਹਿੰਦ ਦੇ ਹਵਾਲੇ ਨਾਲ ਗੁਰੂ ਰਾਮ ਸਿੰਘ ਤੇ ਉਸਦੇ ਸਾਥੀ ਸੂਬਿਆਂ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ। ਸ੍ਰੀ ਭੈਣੀ ਸਾਹਿਬ ਤੋਂ ਦੇਸ ਨਿਕਾਲੇ ਤੇ ਤੁਰਨ ਸਮੇਂ ਗੁਰੂ ਰਾਮ ਸਿੰਘ ਤੇ ਸਾਥੀ ਸੂਬਿਆਂ ਦੇ ਤੁਰਨ ਦੀ ਤਸਵੀਰ ਸਤਿਗੁਰੂ ਬਿਲਾਸ ਵਿਚ ਇਸ ਤਰ੍ਹਾਂ ਹੈ, "ਸ੍ਰੀ ਸਤਿਗੁਰੂ ਜੀ ਪਹਿਲਾਂ ਤਾਂ ਬਚਨ ਕੀਤਾ ਪਾਓ ਘੋੜਿਆਂ ਪਰ ਕਾਠੀਆਂ ਫੇਰ ਬਚਨ ਕੀਤਾ ਘੋੜੇ ਥਕੇ ਹੈਨ ਗੱਡਾ ਤਿਆਰ ਕਰੋ। ਬਚਨ ਕੀਤਾ, ਅਰਦਾਸ ਮੈਂ ਕਰਦਾ ਹਾਂ ਅਰਦਾਸ ਕਰ ਤੁਰੋ।" ਉਹ ਸਮਾਂ ਸੀ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਾ ਸਾਹਿਬ ਸਿੰਘ ਸਮੇਤ ਸਾਥੀਆਂ ਨੇ ਭਿੱਜੀਆਂ ਹੋਈਆਂ ਅੱਖਾਂ ਨਾਲ ਸ੍ਰੀ ਭੈਣੀ ਸਾਹਿਬ ਦੀ ਧਰਤੀ ਨੂੰ ਪ੍ਰਣਾਮ ਕੀਤਾ। ਇਸ ਧਰਤੀ ਦੀ ਆਜ਼ਾਦੀ ਲਈ ਇਨੀ ਤਗੜੀ ਵਿਉਂਤਬੰਦੀ ਕੀਤੀ ਕਈ ਸਵਾਲ ਸਭਨਾਂ ਦੇ ਮਨਾਂ ਅੰਦਰ ਸਨ। ਹੁਣ ਕੀ ਬਣੇਗਾ? ਦੇਸ ਕਿੱਧਰ ਨੂੰ ਜਾਏਗਾ? ਨਾਮਧਾਰੀਆਂ ਨਾਲ ਕਿਵੇਂ ਵਰਤੇਗੀ? ਭੈਣੀ ਸਾਹਿਬ ਨਾਲ ਕੀ ਬੀਤੂ? ਇਥੋਂ ਹੀ ਸੂਬਾ ਸਾਹਿਬ ਸਿੰਘ ਦਾ ਜਲਾਵਤਨੀ ਦਾ ਸਫਰ ਆਰੰਭ ਹੁੰਦਾ ਹੈ। ਲੁਧਿਆਣੇ ਤੋਂ ਅਲਾਹਾਬਾਦ ਦੇ ਕਿਲੇ ਵਿਚ ਜਿਥੇ ਤਕਰੀਬਨ 9 ਮਹੀਨੇ ਕੈਦ ਰੱਖ ਕੇ ਮਾਫੀ ਮੰਗਣ ਲਈ ਵੀ ਪ੍ਰੇਰਿਆ ਗਿਆ। 24 ਜਨਵਰੀ 1873 ਨੂੰ ਸਾਥੀ ਸੂਬਾ ਕਾਹਨ ਸਿੰਘ ਦੇ ਨਾਲ ਸੂਬਾ ਸਾਹਿਬ ਸਿੰਘ ਨੂੰ ਅਲਾਹਾਬਾਦ ਤੋਂ ਅਦਨ ਭੇਜ ਦਿੱਤਾ ਗਿਆ ਅਤੇ ਜੇਲ ਸੁਪਰਡੈਂਟ ਨੇ ਸੂਬਾ ਸਾਹਿਬ ਸਿੰਘ ਤੇ ਕਰੜੀ ਨਜ਼ਰਬੰਦੀ ਰੱਖਣ ਲਈ ਵੀ ਲਿਖਿਆ ਗਿਆ। 2 ਜਨਵਰੀ 1875 ਅਦਨ ਜੇਲ ਦੇ ਸਪੁਰਡਟੈਂ ਨੇ ਲਿਖਿਆ ਕਿ ਦੋਨੋਂ ਕੂਕੇ ਕੈਦੀਆਂ ਦੀ ਸੇਹਤ ਖਰਾਬ ਹੋ ਗਈ ਹੈ। ਇਸ ਕਰਕੇ ਇਹਨਾਂ ਨੂੰ ਕਿਤੇ ਹੋਰ ਬਦਲਿਆ ਜਾਵੇ। 24 ਮਾਰਚ 1875 ਨੂੰ ਪੁਲਿਸ ਨਿਗਰਾਨੀ ਹੇਠ ਸੂਬਾ ਸਾਹਿਬ ਸਿੰਘ ਤੇ ਸੂਬਾ ਕਾਹਨ ਸਿੰਘ ਨੂੰ ਵਾਇਆ ਅਲਾਹਾਬਾਦ ਹਜ਼ਾਰੀ ਬਾਗ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ। 21 ਮਈ 1875 ਨੂੰ ਸਿਵਲ ਸਰਜਨ ਨੇ ਜਿਲ੍ਹੇ ਸਪੁਰਡੈਂਟ ਨੂੰ ਲਿਖਿਆ ਸੂਬਾ ਸਾਹਿਬ ਸਿੰਘ ਨੂੰ ਡਾਇਬਟੀਜ (ਮੂਤਰ ਰੋਗ) ਦੀ ਗੰਭੀਰ ਬਿਮਾਰੀ ਹੋ ਗਈ ਹੈ। 25 ਜੁਲਾਈ 1875 ਨੂੰ ਪੰਜਾਬ ਸਰਕਾਰ ਦੇ ਸਕੱਤਰ ਨੇ ਹਿੰਦ ਸਰਕਾਰ ਨੂੰ ਲਿਖਿਆ ਕਿ ਸੂਬਾ ਸਾਹਿਬ ਸਿੰਘ ਗੁਰੂ ਰਾਮ ਸਿੰਘ ਕੂਕਾ ਚੀਫ ਤੋਂ ਆਪਣੇ ਫਿਰਕੇ ਵਿਚੋਂ ਦੂਸਰੇ ਨੰਬਰ ਤੇ ਹੈ। ਇਸ ਲਈ ਇਸਨੂੰ ਰਿਹਾ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਪਿੰਜਰੇ ਵਿਚ ਪਿਆ ਸ਼ਾਹੀ ਕੈਦੀ ਸੂਬਾ ਸਾਹਿਬ ਸਿੰਘ ਆਪਣੀ ਸਿਹਤ ਨੂੰ ਬਰਕਰਾਰ ਨਾ ਰੱਖ ਸਕਿਆ। ਸਵਾ ਸਾਲ ਹਜ਼ਾਰੀ ਬਾਗ ਦੀ ਜੇਲ ਵਿਚ ਰਹਿ ਕੇ ਆਪਣੇ ਵਤਨ ਪੰਜਾਬ ਦੀ ਧਰਤੀ ਦੇ ਦਰਸ਼ਨਾਂ ਨੂੰ ਤਰਸਦਾ ਹੋਇਆ 10 ਜੂਨ 1876 ਈ ਨੂੰ ਪੰਜ ਤੱਤ ਦਾ ਠੀਕਰ ਅੰਗਰੇਜ਼ ਸਰਕਾਰ ਦੇ ਸਿਰ ਤੇ ਭੰਨ ਕੇ ਹਜ਼ਾਰੀ ਬਾਗ ਦੀ ਜੇਲ ਵਿਚ ਸ਼ਹਾਦਤ ਦਾ ਜਾਮ ਪੀ ਗਿਆ।

**–ਸੂਬਾ ਬਲਵਿੰਦਰ ਸਿੰਘ ਝਲ**

# ਪੰਚਮ ਪਾਤਸ਼ਾਹ ਦੀ ਸ਼ਹਾਦਤ...(ਬਾਕੀ ਸਫਾ 2 ਦੀ)

"ਗੋਵਿੰਦਵਾਲ ਦੇ ਇਸ ਭ੍ਰਿਸ਼ਟ ਕਾਫਰ (ਗੁਰੂ ਅਰਜਨ ਦੇਵ ਜੀ) ਦੀ ਮੌਤ ਸਾਡੀ ਇਕ ਵਡੀ ਪ੍ਰਾਪਤੀ ਅਤੇ ਜਿਤ ਹੈ ਅਤੇ ਇਸ ਨਾਲ ਘ੍ਰਿਣਤ ਹਿੰਦੂਆਂ ਨੂੰ ਵੀ ਇਕ ਵਡੀ ਤੇ ਜਲਾਲਤ ਭਰੀ ਹਾਰ ਹੋਈ ਹੈ। ਭਾਵੇਂ ਉਸ ਨੂੰ ਕਿਸੇ ਤਰ੍ਹਾਂ ਮਾਰਿਆ ਗਿਆ, ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਖਤਮ ਕੀਤਾ ਗਿਆ। ਇਸ ਨਾਲ ਸਮੂਹ ਕਾਫਰਾਂ ਦੀ ਭਾਰੀ ਹਾਨੀ ਹੋਈ ਹੈ ਅਤੇ ਸਮੂਹ ਮੁਸਲਮਾਨਾਂ ਲਈ ਇਹ ਬੜੇ ਫਾਇਦੇ ਅਤੇ ਵਾਧੇ ਦੀ ਘਟਨਾ ਹੈ। ਇਸ ਕਾਫਰ (ਗੁਰੂ ਅਰਜਨ ਦੇਵ ਜੀ) ਦੇ ਕਤਲ ਹੋਣ ਤੋਂ ਪਹਿਲਾਂ ਮੈਨੂੰ ਇਕ ਬੜਾ ਚੰਗਾ ਸੁਫਨਾ ਭੀ ਆਇਆ ਸੀ, ਜਿਸ ਵਿਚ ਮੈਂ ਤਕਿਆ ਸੀ ਕਿ ਬਾਦਸ਼ਾਹ ਜਹਾਂਗੀਰ ਨੇ ਕੁਫਰ ਦਾ ਸਿਰ ਕੁਚਲ ਦਿਤਾ ਹੈ। ਇਸ ਵਿਚ ਸ਼ਕ ਨਹੀਂ ਕਿ ਇਹ ਕਾਫਰ ਧਰਮ ਹੀਣੇ ਲੋਕਾਂ ਦਾ ਸਿਰਮੌਰ ਤੇ ਕਾਫਰਾਂ ਦਾ ਮੁਖੀ ਸੀ।"

ਇਹੋ ਮੁਖ ਕਾਰਨ ਸਨ ਪੰਚਮ ਪਾਤਸ਼ਾਹ ਜੀ ਦੀ ਸ਼ਹਾਦਤ ਦੇ, ਕਿਉਂਕਿ ਉਹ ਲੋਕ ਇਸਲਾਮ ਦੀ ਬਿਹਤਰੀ ਵਿਚ ਗੁਰੂ ਜੀ ਨੂੰ ਰੋੜਾ ਸਮਝਦੇ ਸਨ। ਇਸ ਤੋਂ ਬਿਨਾਂ ਗੁਰੂ ਜੀ ਦੇ ਵਡੇ ਭਰਾ ਪ੍ਰਿਥੀ ਚੰਦ ਨੇ ਗੁਰੂ ਜੀ ਦੀ ਵਿਰੋਧਤਾ ਕਰਕੇ ਬਲਦੀ ਤੇ ਤੇਲ ਦਾ ਕੰਮ ਕੀਤਾ ਅਤੇ ਗੁਰੂ ਘਰ ਲਈ ਅਨੇਕ ਔਕੜਾਂ ਖੜੀਆਂ ਕੀਤੀਆਂ। ਸ਼ਹਾਦਤ ਦਾ ਤਤਕਾਲੀਨ ਕਾਰਨ ਸਹਿਜ਼ਾਦਾ ਖੁਸ਼ਰੋ ਦੀ ਬਗਾਵਤ ਵੀ ਸੀ। ਮਾਰਚ 1606 ਈ. ਵਿਚ ਬਾਦਸ਼ਾਹ ਜਹਾਂਗੀਰ ਤਖਤ ਤੇ ਬੈਠਾ ਤਾਂ ਉਸਦੇ ਪੁੱਤਰ ਸ਼ਹਿਜ਼ਾਦਾ ਖੁਸ਼ਰੋ ਨੇ ਬਗਾਵਤ ਕਰ ਦਿੱਤੀ ਅਤੇ ਉਹ ਪੰਜਾਬ ਵਲ ਆ ਗਿਆ। ਉਹ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਤਾਂ ਗੁਰੂ ਜੀ ਨੇ ਅਸ਼ੀਰਵਾਦ ਦਿੱਤਾ ਅਤੇ ਮੱਥੇ ਤੇ ਕੇਸਰ ਦਾ ਤਿਲਕ ਲਗਾਇਆ ਸੀ।

ਬਸ ਉਹ ਕੇਸਰ ਦੇ ਤਿਲਕ ਨੂੰ ਬਾਦਸ਼ਾਹ ਨੇ ਇਕ ਬਹਾਨਾ ਬਣਾ ਲਿਆ ਅਤੇ ਗੁਰੂ ਜੀ ਨੂੰ ਪਕੜ ਕੇ ਲਾਹੌਰ ਲਿਆਂਦਾ ਗਿਆ ਅਤੇ ਫਿਰ ਗੁਰੂ ਜੀ ਦੀ ਸੌਂਪਣਾ ਦਿਵਾਨ ਚੰਦੂ ਨੂੰ ਕੀਤੀ ਗਈ। ਦਿਵਾਨ ਚੰਦੂ ਨੇ ਗੁਰੂ ਜੀ ਨੂੰ ਅਤਿਅੰਤ ਤਸੀਹੇ ਦਿੱਤੇ। ਉਹਨਾਂ ਨੂੰ ਤਤੀ ਤਵੀ ਤੇ ਬਿਠਾ ਕੇ ਸੀਸ ਉਪਰ ਸੜਦੀ ਰੇਤਾ ਪਾਈ ਗਈ, ਉਹਨਾਂ ਦਾ ਸਰੀਰ ਛਾਲਿਆਂ ਨਾਲ ਭਰ ਗਿਆ, ਫਿਰ ਉਬਲਦੀ ਦੇਗ ਵਿਚ ਬਿਠਾਇਆ ਗਿਆ, ਇਸ ਪ੍ਰਕਾਰ ਤਸੀਹੇ ਝਲਦੇ ਹੋਏ ਪੰਚਮ ਪਾਤਸ਼ਾਹ ਜੀ ਸ਼ਹੀਦ ਹੋ ਗਏ। ਉਹਨਾਂ ਦੀ ਸ਼ਹਾਦਤ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ (ਲਾਲ ਏਹਿ ਰਤਨ, ਹਿੱਸਾ ਪਹਿਲਾ ਪੰਨਾ 387) ਤੇ ਇਸ ਪ੍ਰਕਾਰ ਕਿਰਪਾ ਕਰਦੇ ਹਨ–

"ਸੰਤ ਜੀ ਕਹਿੰਦੇ ਹਨ ਜਿਸ ਵੇਲੇ ਗੁਰੂ ਅਰਜਨ ਦੇਵ ਜੀ ਨੇ ਭਾਣਾ ਵਰਤਾਇਆ, ਗੁਰੂ ਅਰਜਨ ਦੇਵ ਲਾਹੌਰ ਵਿਚ, ਤਤੀਆਂ ਤਵੀਆਂ ਤੇ ਬੈਠੇ, ਰੇਤ ਸੀਸ ਵਿਚ ਪਵਾਈ, ਦੇਗਾਂ ਵਿਚ ਉਬਾਲੇ, ਜਿਹੜੇ ਮੂਰਖ ਅੰਨੇ ਲੋਕ ਹਨ ਜਿਹੜੇ ਸਤਿਗੁਰਾਂ ਦੀ ਗਤਿ ਨੂੰ ਨਹੀਂ ਜਾਣ ਸਕਦੇ, ਗੁਰੂ ਤੇਗ ਬਹਾਦਰ ਸਾਹਿਬ ਕਹਿੰਦੇ ਹਨ–ਔਰੰਗਜ਼ੇਬ ਨੇ ਪਕੜ ਲਏ। ਉਹਨਾਂ ਨੂੰ ਪਕੜਣ ਵਾਲਾ ਕੌਣ ਹੈ, ਜਿਹੜਾ ਸਾਰੀ ਸ੍ਰਿਸਟੀ ਨੂੰ ਛੁੜਾ ਸਕਦਾ ਹੈ।"

ਇਸ ਪ੍ਰਕਾਰ ਇਸ ਯੁਗ ਦਾ ਅੰਤ ਹੋ ਗਿਆ, ਗੁਰੂ ਘਰ ਦੇ ਦੋਖੀਆਂ ਦੇ ਸੁਪਨੇ ਪੂਰੇ ਹੋ ਗਏ। ਇਸ ਘਟਨਾਂ ਤੋਂ ਬਾਅਦ ਸਿਖਾਂ ਵਿਚ ਮੁਗਲ ਹਕੂਮਤ ਦੇ ਜ਼ੁਲਮ ਖਿਲਾਫ ਰੋਹ ਜਾਗ ਪਿਆ। ਛੇਵੇਂ ਪਾਤਸ਼ਾਹ ਜੀ ਨੇ ਗੁਰਗੱਦੀ ਤੇ ਬੈਠਣ ਸਮੇਂ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਰਚਨਾ ਕੀਤੀ। ਸਿਖ ਜਗਤ ਵਿਚ ਬੀਰਤਾ ਦਾ ਸੰਚਾਰ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਤੇ ਬੀਰ ਰਸੀ ਵਾਰਾਂ ਗਾਈਆਂ ਜਾਣ ਲਗੀਆਂ। ਸਿਖ ਸ਼ਸ਼ਤਰਧਾਰੀ ਹੋ ਗਏ ਅਤੇ ਧਰਮ ਖਾਤਰ ਰਣ ਮੰਡਣ ਲਈ ਤਿਆਰ ਹੋ ਗਏ।

■

# ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਵਲੋਂ ਨਾਮ ਸਿਮਰਨ ਪ੍ਰਤੀਯੋਗਤਾ ਸਮਾਗਮ

ਅੱਜ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ ਵਿਚ ਨਾਮਧਾਰੀ ਵਿਦਿਅਕ ਜਥਾ ਲੁਧਿਆਣਾ, ਇਸਤਰੀ ਵਿਦਿਅਕ ਜਥਾ ਲੁਧਿਆਣਾ ਵਲੋਂ ਨਾਮ ਸਿਮਰਨ ਪ੍ਰਤੀਯੋਗਤਾ ਕਰਵਾਈ ਗਈ। ਸੰਤ ਜਗੀਰ ਸਿੰਘ ਜਨਤਾ ਨਗਰ ਦੇ ਪਰਿਵਾਰ ਵਲੋਂ ਕਰਵਾਏ ਅੱਜ ਦੇ ਸਮਾਗਮ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਅਮਰੀਕ ਸਿੰਘ, ਜਥੇਦਾਰ ਜਸਬੀਰ ਸਿੰਘ ਦੇ ਜਥੇ ਨੇ ਕੀਤਾ। ਇਕ ਭਜਨ ਦੀ ਵਰਨੀ ਸਾਧ ਸੰਗਤ ਵਲੋਂ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਲਈ ਕੀਤੀ ਗਈ। ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਬੱਚਿਆਂ ਦੀ ਨਾਮ ਸਿਮਰਨ ਪ੍ਰਤੀਯੋਗਤਾ ਆਰੰਭ ਹੋਈ। 5–8, 9–13 ਅਤੇ 14–18 ਸਾਲ ਦੇ ਕਰੀਬ 115 ਬੱਚਿਆਂ ਨੇ ਹਿੱਸਾ ਲਿਆ। ਪ੍ਰਬੰਧਕਾਂ ਵਲੋਂ ਜੇਤੂ 18 ਬਚਿਆਂ ਨੂੰ ਸੂਬਾ ਹਰਭਜਨ ਸਿੰਘ ਰਾਹੀ ਸਨਮਾਨਿਤ ਕੀਤਾ ਗਿਆ। ਪ੍ਰਬੰਧਕ ਬਲਬੀਰ ਸਿੰਘ ਨੇ ਦੱਸਿਆ ਕਿ ਅਸੀਂ ਇਹੋ ਜੇਹੀਆਂ ਪ੍ਰਤੀਯੋਗਤਾਵਾਂ ਹਰ ਹਫਤੇ ਕਰਵਾਇਆ ਕਰਾਂਗੇ ਤਾਂਕਿ ਬੱਚੇ ਸਿਖੀ ਦੇ ਨਾਲ ਜੁੜੇ ਰਹਿਣ ਅਤੇ ਨਾਲ ਹੀ ਸ੍ਰੀ ਭੈਣੀ ਸਾਹਿਬ 24 ਜੂਨ ਹੋਣ ਜਾ ਰਹੇ ਵਾਰਸ਼ਿਕ ਸੰਮੇਲਨ ਦੀ ਤਿਆਰੀ ਵੀ ਹੋ ਸਕੇ।

ਸੰਤ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਅਸੀਂ ਜੋ ਨਾਮ ਸਿਮਰਨ ਵਿਚ ਚੈਕ ਕੀਤਾ ਹੈ ਉਹ ਇਹ ਹੈ ਕਿ ਬਚਾ ਕਿਸ ਤਰ੍ਹਾਂ ਬਿਰਤੀ ਲਾ ਕੇ ਬੈਠਾ ਹੈ, ਉਸ ਕੋਲ ਪੰਜ ਕਕਾਰ ਪੂਰੇ ਹਨ ਅਤੇ ਕਿ ਉਹ ਚੌਅੱਖਰਾ ਜਾਪ ਸਹੀ ਤਰੀਕੇ ਨਾਲ ਕਰ ਰਿਹਾ ਹੈ। ਸੂਬਾ ਹਰਭਜਨ ਸਿੰਘ ਨੇ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਧੰਨਵਾਦ ਕੀਤਾ ਅਤੇ ਵਿਦਿਅਕ ਜਥੇ ਦੇ ਪ੍ਰਬੰਧਕਾਂ ਨੂੰ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਤੁਸੀਂ ਕਰਵਾਉਂਦੇ ਰਹੋ ਤਾਂ ਜੋ ਬੱਚਿਆਂ ਵਿਚ ਉਤਸ਼ਾਹ ਵਧੇ।

**–ਬਲਬੀਰ ਸਿੰਘ**

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸਤਿਜੁਗ ਆਪ ਪੜ੍ਹਨਾ ਅਤੇ ਹੋਰਨਾਂ ਨੂੰ ਪੜ੍ਹਾਉਣਾ ਹਰ ਨਾਮਧਾਰੀ ਸਿੱਖ ਦਾ ਫਰਜ਼ ਹੈ।**

# ਸਿਰਸਾ ਦੇ ਵੱਖ ਵੱਖ ਥਾਵਾਂ ਤੇ ਸਾਧ ਸੰਗਤ ਵਲੋਂ ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਮੇਲਾ



**ਸ੍ਰੀ ਸਤਿਗੁਰੂ ਜੀ ਸੰਤ ਮੱਖਣ ਸਿੰਘ ਗਿਲ ਦੇ ਗ੍ਰਹਿ ਜੋੜਕੀਆਂ ਵਿਖੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦਿੰਦੇ ਹੋਏ।**



**ਸ੍ਰੀ ਸਤਿਗੁਰੂ ਜੀ ਸੰਤ ਹਰਬੰਸ ਸਿੰਘ ਦੇ ਗ੍ਰਹਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਮੇਲੇ ਸਮੇਂ ਦਰਸ਼ਨ ਦਿੰਦੇ ਹੋਏ।**



**ਸ੍ਰੀ ਜੀਵਨ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਪਾਸੋਂ ਸੰਤ ਅਮਰ ਸਿੰਘ ਬਖਸ਼ਸ਼ ਮੰਗਦੇ ਹੋਏ**



**ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਮੇਲੇ ਸਮੇਂ ਸਿਰਸਾ ਦੀ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਨੂੰ ਤਿਲਫੁੱਲ ਭੇਟਾ ਧਰ ਨਮਸਕਾਰ ਕਰਦੀ ਹੋਈ।**

**ਸਿਰਸਾ, 18 ਮਈ 2016**–***ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ।।*** ਗੁਰਬਾਣੀ ਦੇ ਮਹਾਂਵਾਕ ਅਨੁਸਾਰ ਜੇਠ ਦੇ ਮਹੀਨੇ ਦੀਆਂ ਤੇਜ ਵਗਦੀਆਂ ਤਤੀਆਂ ਤੇ ਸੜਦੀਆਂ ਧੁਪਾਂ ਵਿਚ ਆਪਣੇ ਸਿੱਖਾਂ ਦੇ ਸੀਨੇ ਠੰਢ ਪਾਉਣ ਵਾਸਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਆਪਣੇ ਸਿਖਾਂ ਸੇਵਕਾਂ ਸਮੇਤ ਮਸਤਾਨਗੜ੍ਹ ਵਿਖੇ ਦਰਸ਼ਨ ਦਿੱਤੇ। ਸਾਰੀ ਸਾਧ ਸੰਗਤ ਨੇ ਚਰਨ ਪਰਸ ਕੇ, ਦਰਸ਼ਨ ਕਰਕੇ ਆਪਣਾ ਜਨਮ ਸਫਲਾ ਕੀਤਾ ਤੇ ਤਪਦੇ ਹਿਰਦੇ ਸ਼ਾਂਤ ਕੀਤੇ।

ਅੰਮ੍ਰਿਤ ਮਈ ਗੁਰਬਾਣੀ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਸੰਤ ਬਲੀ ਸਿੰਘ ਨੇ ਸਥਾਨਕ ਜਥੇ ਨਾਲ ਕੀਤਾ ਅਤੇ ਸੰਤ ਨਗਰ ਦੀ ਸਮੂਹ ਸਾਧ ਸੰਗਤ ਨੇ ਜਗਤ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਮੇਲਾ ਮਨਾਇਆ। ਆਸਾ ਦੀ ਵਾਰ ਦੇ ਭੋਗ ਤੋਂ ਬਾਅਦ 4 ਸਧਾਰਨ ਪਾਠਾਂ ਦੇ ਭੋਗ ਪਾਏ ਗਏ ਤੇ ਉਸ ਤੋਂ ਬਾਅਦ ਸ੍ਰੀ ਮਾਤਾ ਚੰਦ ਕੌਰ ਜੀ ਦੇ ਜੀਵਨ ਬਾਰੇ ਚਾਨਣਾ ਪਾਉਂਦੇ ਹੋਏ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਭ ਤੋਂ ਪਹਿਲਾਂ ਗੁਰਚਰਣ ਸਿੰਘ ਚੰਨ, ਗਿਆਨ ਸਿੰਘ ਕੱਕੜ, ਸੂਬਾ ਬਲਕਾਰ ਸਿੰਘ, ਗੁਰਮੀਤ ਸਿੰਘ ਚਾਨਾ ਤੇ ਅੰਤ ਵਿਚ ਹਰਭਜਨ ਸਿੰਘ ਰਾਜਾ ਨੇ ਇਕ ਕਵਿਤਾ ਪੜ੍ਹ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਆਪਣੀ ਹਾਜ਼ਰੀ ਲੁਆਈ ਤੇ ਅੰਤ ਵਿਚ ਸੂਬਾ ਜੀ ਨੇ ਦੂਰੋਂ ਨੇੜਿਓਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ। ਉਪਰੰਤ ਸੰਤ ਹਰਬੰਸ ਸਿੰਘ ਬਾਜੇਖਾਂ ਦੇ ਗ੍ਰਹਿ ਵਿਖੇ ਜੰਗੇ ਆਜ਼ਾਦੀ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ ਬਸੰਤ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਆਗਮਨ ਤੇ ਸਾਰਾ ਪੰਡਾਲ ਜੈਕਾਰਿਆਂ ਨਾਲ ਗੂੰਜ ਉਠਿਆ ਤੇ ਸਾਰੀ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੇ ਚਰਨ ਪਰਸ ਕੇ ਦਰਸ਼ਨ ਕਰਕੇ ਆਪਣੇ ਤਪਦੇ ਹਿਰਦੇ ਸ਼ਾਂਤ ਕੀਤੇ। ਇਸ ਮੇਲੇ ਦੀ ਹਾਜ਼ਰੀ ਭਰਦੇ ਹੋਏ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਤ ਜਸਵਿੰਦਰ ਸਿੰਘ ਭਿੰਡਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਦੱਸਿਆ ਤੇ ਨਾਲ ਹੀ ਦੱਸਿਆ ਕਿ ਸਿੱਖ ਭਾਵੇਂ ਕਿੰਨੀਆਂ ਸੋਧ ਮਰਯਾਦਾ ਰਖਦਾ ਹੋਵੇ, ਜਿਨਾਂ ਮਰਜੀ ਭਜਨ ਕਰਦਾ ਹੋਵੇ ਜੇ ਆਪਣੇ ਸਤਿਗੁਰੂ ਤੇ ਪ੍ਰਤੀਤ ਨਹੀਂ, ਹੁਕਮ ਨਹੀਂ ਮੰਨਦਾ ਉਸ ਦਾ ਕੀਤਾ ਭਜਨ ਤੇ ਮਰਯਾਦਾ ਕਿਸੇ ਕੰਮ ਨਹੀਂ– ***ਸਤਿਗੁਰ ਕੀ ਪਰਤੀਤਿ ਨ ਆਈਆ ਸਬਦਿ ਨ ਲਾਗੋ ਭਾਉ।।*** ਤੇ ਅੰਤ ਵਿਚ 4 ਸਧਾਰਨ ਪਾਠਾਂ ਦੇ ਭੋਗ ਪਾਏ ਗਏ। 2 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, 1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ, 1 ਪਾਠ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨ ਦੇਣ ਦੀ ਖੁਸ਼ੀ ਵਿਚ।

ਭੋਗ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਪਰਿਵਾਰ ਵਾਲਿਆਂ ਨੂੰ ਖੁਸ਼ੀਆਂ ਵੰਡਦੇ ਹੋਏ ਸਰਸਾ ਨਗਰ ਨਿਵਾਸੀਆਂ ਵਲੋਂ ਮਨਾਏ ਜਾ ਰਹੇ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਮੇਲੇ ਤੇ ਸੰਤ ਹਰਜੀਤ ਸਿੰਘ ਗਿਆਨੀ ਜੀ ਤੇ ਰਣਧੀਰ ਸਿੰਘ ਸਥਾਨਕ ਜਥੇ ਵਲੋਂ ਕਰ ਰਹੇ ਕੀਰਤਨ ਵਿਚ ਦਰਸ਼ਨ ਦਿੱਤੇ ਤੇ ਸਾਰੀ ਸੰਗਤ ਨੇ ਜੈਕਾਰੇ ਨਾਲ ਉਠ ਕੇ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕੀਤਾ ਤੇ ਆਪਣੇ ਪ੍ਰੀਤਮ ਪਿਆਰੇ ਦੇ ਚਰਨ ਪਰਸੇ। ਸੰਤ ਹਰਜੀਤ ਸਿੰਘ ਸ਼ਬਦ ਪੜ੍ਹ ਰਹੇ ਸਨ : ***ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ।।*** ਕੁਝ ਚਿਰ ਕੀਰਤਨ ਤੋਂ ਬਾਅਦ 4 ਸਧਾਰਨ ਪਾਠਾਂ ਦੇ ਭੋਗ ਪਾਏ ਗਏ। 2 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ, 1 ਪਾਠ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨ ਦੇਣ ਦੀ ਖੁਸ਼ੀ ਵਿਚ, 1 ਪਾਠ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ। ਅਰਦਾਸ ਤੋਂ ਬਾਅਦ ਸੰਤ ਸੁਖਚੈਨ ਸਿੰਘ ਨੇ ਮਾਤਾ ਜੀ ਦੇ ਜੀਵਨ ਤੇ ਚਾਨਣਾ ਪਾਇਆ ਤੇ ਅੰਤ ਵਿਚ ਪ੍ਰਧਾਨ ਲਖਬੀਰ ਸਿੰਘ ਨੇ ਸਾਰੀ ਸੰਗਤ ਦਾ ਧੰਨਵਾਦ ਕੀਤਾ ।

ਸ੍ਰੀ ਸਤਿਗੁਰੂ ਜੀ ਸੰਗਤਾਂ ਤੇ ਰਹਿਮਤਾਂ ਦਾ ਮੀਂਹ ਵਰਸਾਉਂਦੇ ਹੋਏ ਸੰਤ ਧਿਆਨ ਸਿੰਘ ਮੁਕਤਾ ਦੇ ਘਰ ਚਰਨ ਪਾਏ। ਜਲ ਪਾਣੀ ਛਕਿਆ ਤੇ ਆਏ ਕੁਝ ਵਿਸ਼ੇਸ਼ ਪ੍ਰਾਹੁਣਿਆਂ ਨਾਲ ਗਲਬਾਤ ਕੀਤੀ। ਕੁਝ ਚਿਰ ਆਰਾਮ ਕਰਨ ਤੋਂ ਬਾਅਦ ਪਰਿਵਾਰ ਨੂੰ ਖੁਸ਼ੀਆਂ ਦਿੰਦੇ ਹੋਏ ਮਸਤਾਨਗੜ੍ਹ ਆ ਬਿਰਾਜਮਾਨ ਹੋਏ। ਸ਼ਾਮ 6 ਵਜੇ ਸ੍ਰੀ ਸਤਿਗੁਰੂ ਜੀ ਕਰੀਵਾਲੇ ਵਿਸ਼ੇਸ਼ ਤੌਰ ਤੇ ਆਪਣੇ ਸੇਵਕਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਤੇ ਫਿਰ ਐਲਨਾਬਾਦ ਦੀ ਸੰਗਤ ਵਲੋਂ ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਹੋ ਰਹੇ ਮੇਲੇ ਵਿਚ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ।

ਇਸ ਮੌਕੇ ਸਭ ਤੋਂ ਪਹਿਲਾਂ ਬੀਬੀਆਂ ਦੇ ਜਥੇ ਨੇ ਮਾਤਾ ਜੀ ਦੀ ਯਾਦ ਵਿਚ ਸ਼ਬਦ ਪੜ੍ਹੇ ਤੇ ਬਾਅਦ ਵਿਚ ਜਥੇਦਾਰ ਜਵੰਦ ਸਿੰਘ ਤੇ ਅਖੀਰ ਵਿਚ ਜਥੇਦਾਰ ਧਰਮਪਾਲ ਹੀਰਾ ਨੇ ਮਾਤਾ ਜੀ ਦੇ ਜੀਵਨ ਤੇ ਰੌਸ਼ਨੀ ਪਾਈ। ਉਪਰੰਤ 8 ਵਜੇ ਨਿਤਨੇਮ ਦੀ ਅਰਦਾਸ ਕਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਟੇਪ ਸਰਵਣ ਕੀਤਾ ਗਿਆ। ਕਰੀਬ 8.15 ਵਜੇ ਸ੍ਰੀ ਸਤਿਗੁਰੂ ਜੀ ਦਰਸ਼ਨ ਦਿਤੇ। ਸਤਿਗੁਰੂ ਜੀ ਦੇ ਆਗਮਨ ਤੇ ਸਾਰੀ ਸੰਗਤ ਨੇ ਸਤਿਗੁਰੂ ਜੀ ਦਾ ਉਠ ਕੇ ਸਵਾਗਤ ਕੀਤਾ। ਨਿਤਨੇਮ ਦੀ ਅਰਦਾਸ ਤੋਂ ਬਾਅਦ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਗੁਰਮੀਤ ਸਿੰਘ ਚਾਨਾ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਚਲਦੇ ਵਾਰਸ਼ਿਕ ਵਿਦਿਅਕ ਸੰਮੇਲਨ ਬਾਰੇ ਦੱਸਿਆ ਤੇ ਨਾਲ ਹੀ ਸਾਰਿਆਂ ਨੂੰ ਸੰਮੇਲਨ ਵਿਚ ਆਉਣ ਦਾ ਸਦਾ ਦਿੱਤਾ। ਅੰਤ ਵਿਚ ਆਈ ਸੰਗਤ ਦਾ ਧੰਨਵਾਦ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਮਸਤਾਨਗੜ੍ਹ ਜਾ ਬਿਰਾਜਮਾਨ ਹੋਏ।

**19-5-2016**–ਰਾਣੀਆਂ ਨਗਰ ਨਿਵਾਸੀਆਂ ਵਲੋਂ ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਨੂੰ ਸਮਰਪਿਤ ਮੇਲੇ ਵਿਚ ਅਜ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਬਲੀ ਸਿੰਘ ਤੇ ਸੰਤ ਜਸਵਿੰਦਰ ਸਿੰਘ ਭਿੰਡਰ ਨੇ ਸਥਾਨਕ ਜਥੇ ਨਾਲ ਵਾਰੇ ਦੇ ਰੂਪ ਵਿਚ ਲਾਇਆ। ਇੰਤਜਾਰ ਦੀਆਂ ਘੜੀਆਂ ਖਤਮ ਹੋਈਆਂ ਜਦੋਂ ਪੜ ਰਹੇ ਸੀ : ***ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ।।*** ਸਤਿਗੁਰੂ ਜੀ ਦਰਸ ਪਿਆਸੀ ਸੰਗਤ ਨੂੰ ਦਰਸ਼ਨ ਦਿਤੇ। ਸਾਰੀ ਸੰਗਤ ਨੇ ਜੈਕਾਰਾ ਛੱਡਿਆ, ਸਤਿਗੁਰੂ ਜੀ ਦੇ ਆਗਮਨ ਤੇ ਉਠ ਕੇ ਸਵਾਗਤ ਕੀਤਾ। ਸਤਿਗੁਰੂ ਜੀ ਆਸਣ ਤੇ ਬਿਰਾਜਮਾਨ ਹੋ ਗਏ ਸੰਗਤ ਨੇ ਆਪਣੇ ਮਾਹੀ ਦੇ ਚਰਨ ਪਰਸੇ ਤੇ ਤਪਦੇ ਹਿਰਦੇ ਸ਼ਾਂਤ ਕੀਤੇ। ਆਸਾ ਦੀ ਵਾਰ ਦੇ ਭੋਗ ਤੋਂ ਬਾਅਦ 3 ਸਧਾਰਨ ਪਾਠਾਂ ਦੇ ਭੋਗ ਪਾਏ ਗਏ। 1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ। 1 ਪਾਠ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨ ਦੇਣ ਦੀ ਖੁਸ਼ੀ ਵਿਚ। 1 ਪਾਠ ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ।

ਭੋਗ ਦੀ ਅਰਦਾਸ ਤੋਂ ਬਾਅਦ ਆਈ ਹੋਈ ਸਾਰੀ ਸੰਗਤ ਦਾ ਧੰਨਵਾਦ ਸੰਤ ਸੁਖਦੇਵ ਸਿੰਘ ਤੇ ਸੰਤ ਬੂਟਾ ਸਿੰਘ ਕਾਹਲੋਂ ਨੇ ਕੀਤਾ। ਸ੍ਰੀ ਸਤਿਗੁਰੂ ਜੀ ਮਸਤਾਨਗੜ੍ਹ ਪ੍ਰਸ਼ਾਦਾ ਛਕ ਕੇ ਕੁਝ ਦੇਰ ਆਰਾਮ ਕਰਨ ਤੋਂ ਬਾਅਦ ਕਰੀਬ 8 ਵਜੇ ਜੋੜਕੀਆਂ ਵਿਖੇ ਸੰਤ ਮੱਖਣ ਸਿੰਘ ਦੇ ਘਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਰਖੇ ਹੋਏ ਅਖੰਡ ਪਾਠ ਦੇ ਭੋਗ ਤੇ ਦਰਸ਼ਨ ਦੇਣ ਵਾਸਤੇ ਚਾਲੇ ਪਾਏ। ਕਰੀਬ 9.15 ਤੇ ਸਤਿਗੁਰੂ ਜੀ ਦਾ ਕਾਫਲਾ ਸੰਤ ਮੱਖਣ ਸਿੰਘ ਦੇ ਨਿਵਾਸ ਸਥਾਨ ਤੇ ਪਹੁੰਚ ਗਿਆ। ਸਤਿਗੁਰੂ ਜੀ ਦੇ ਸਵਾਗਤ ਲਈ ਸਾਰੀ ਸੰਗਤ ਨੇ ਉਠ ਕੇ ਜੈਕਾਰਾ ਛੱਡਿਆ ਤੇ ਸਤਿਗੁਰੂ ਜੀ ਚਲਦੇ ਹੋਏ ਅਖੰਡ ਪਾਠ ਨੂੰ ਮਥਾ ਟੇਕ ਕੇ ਆਸਣ ਤੇ ਬਿਰਾਜਮਾਨ ਹੋ ਗਏ। ਸਾਰੀ ਸੰਗਤ ਨੇ ਸਤਿਗੁਰੂ ਜੀ ਦੇ ਚਰਨ ਪਰਸ ਕੇ ਦਰਸ਼ਨ ਕਰਕੇ ਆਪਣਾ ਜਨਮ ਸਫਲਾ ਕੀਤਾ। ਸੰਤ ਮੱਖਣ ਸਿੰਘ ਦੇ ਘਰੋਂ ਬੀਬੀ ਵਰਿੰਦਰ ਕੌਰ ਨੇ ਸੋਨੇ ਦੇ ਗਹਿਣੇ ਲਿਆ ਕੇ ਮੱਥਾ ਟੇਕ ਕੇ ਅਰਜ਼ ਕੀਤੀ ਸ੍ਰੀ ਸਤਿਗਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਵਿਚ ਸੁਣਿਆ ਸੀ ਕਿ ਜਿਹੜੇ ਗਹਿਣੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਦਿਤੇ ਉਹ ਸਭ ਤੋਂ ਵਧੀਆ ਨੇ ਤੇ ਇਹ ਗਹਿਣੇ ਝੂਠੇ ਨੇ ਆ ਸਾਰੇ ਗਹਿਣੇ ਆਪ ਜੀ ਦੇ ਚਰਨਾਂ ਵਿਚ ਮੱਥਾ ਟੇਕਦੀ ਹਾਂ ਜੀ। ਹੁਣ ਇਹ ਮੈਂ ਨਹੀਂ ਪਹਿਨਣੇ। ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਬੀਬੀ ਕੋਈ ਗਲ ਨਹੀਂ ਨਾ ਪਾਉ ਪਰ ਇਹਨਾਂ ਨੂੰ ਘਰ ਹੀ ਰੱਖ ਲਵੋ। ਸਤਿਗੁਰੂ ਜੀ ਸਾਰੇ ਪਰਿਵਾਰ ਨੂੰ ਖੁਸ਼ੀਆਂ ਦਿੰਦੇ ਹੋਏ ਢਾਣੀ ਦੇ ਸਾਰੇ ਘਰਾਂ ਵਿਚ ਚਰਨ ਪਾਕੇ ਸੂਬਾ ਗੁਰਜੰਟ ਸਿੰਘ ਦੇ ਘਰ ਚਰਨ ਪਾਏ ਤੇ ਫੇਰ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾਏ।

***–ਗੁਰਮੀਤ ਸਿੰਘ ਚਾਨਾ***



**ਐਲਨਾਬਾਦ ਵਿਖੇ ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਮੇਲੇ ਸਮੇਂ ਹਾਜ਼ਰ ਸਿੰਘ।**

Date of Publication: 1/06/2016, Date of Posting: 2-3/06/2016
Posted at PSO New Delhi-110001
RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17


ਸਿਰਸਾ ਸ਼ਹਿਰ ਦੀ ਸੰਗਤ ਵਲੋਂ ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਦਰਸ਼ਨ ਦੇਂਦੇ ਹੋਏ ।


ਸ੍ਰੀ ਸਤਿਗੁਰੂ ਜੀ ਐਲਨਾਬਾਦ ਵਿਖੇ ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਮੇਲੇ ਸਮੇਂ ਦਰਸ਼ਨ ਦੇਣ ਦੀ ਕਿਰਪਾ ਕਰਦੇ ਹੋਏ ।


ਸ੍ਰੀ ਸਤਿਗੁਰੂ ਜੀ ਨੇ ਸੰਤ ਹਰਦੇਵ ਸਿੰਘ ਪੁੱਤਰ ਸੰਤ ਸਵਰਨ ਸਿੰਘ ਦੀ ਨਵੀਂ ਖਰਾਸ ਆਟਾ ਚੱਕੀ ਦਾ ਉਦਘਾਟਨ ਕਰਨ ਦੀ ਬਖ਼ਸ਼ਸ਼ ਕੀਤੀ ।


ਪ੍ਰਤਾਪ ਮੰਦਰ ਸੰਤ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਆਸਾ ਦੀ ਵਾਰ ਵਿੱਚ ਆਪਣੇ ਆਸਣ ਤੇ ਸੁਸ਼ੋਭਿਤ ਅਤੇ ਨਾਲ ਸਿੱਖ ਸੇਵਕ ।


ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੰਤ ਮੱਖਣ ਸਿੰਘ (ਜੋੜਕੀਆ) ਦਾ ਪ੍ਰਵਾਰ ਬਖ਼ਸ਼ਸ਼ ਮੰਗਦਾ ਹੋਇਆ ।


ਸ੍ਰੀ ਸਤਿਗੁਰੂ ਜੀ ਸੰਤ ਹਰਬੰਸ ਸਿੰਘ (ਬਾਜੇਖਾਂ) ਦੇ ਗ੍ਰਹਿ ਜਾਣ ਸਮੇਂ ਸਿੱਖਾਂ ਸੇਵਕਾਂ ਨਾਲ ।


ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ ਸਮੇਂ ਹੋਏ ਨਾਮ-ਸਿਮਰਨ ਪ੍ਰਤੀਯੋਗਤਾ ਵਿੱਚ ਹਿੱਸਾ ਲੈਂਦੇ ਬੱਚੇ ।

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 5.23 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 7.15 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 15 of 2 June 2016